ਸੁਭ ਕਰਮਨ ਤੇ ਕਬਹੂੰ ਨ ਟਰੋਂ ਹਰਚਰਨ ਸਿੰਘ



ਸ਼ੁਭ ਕਰਮਨ ਤੇ
ਕਬਹੂੰ ਨ ਟਰੋਂ

### ਡਾ. ਹਰਚਰਨ ਸਿੰਘ ਰਚਿਤ ਸੰਪੂਰਨ ਨਾਟਕ—

| | |
|---|---|
| 1. ਕਮਲਾ ਕੁਮਾਰੀ | 1937 |
| 2. ਰਾਜਾ ਪੋਰਸ | 1938 |
| 3. ਦੂਰ ਦੁਰਾਡੇ ਸ਼ਹਿਰੋਂ | 1939 |
| 4. ਅਨਜੋੜ | 1941 |
| 5. ਖੇਡਣ ਦੇ ਦਿਨ ਚਾਰ | 1943 |
| 6. ਦੋਸ਼ | 1949 |
| 7. ਰੱਤਾ ਸਾਲੂ | 1953 |
| 8. ਤੇਰਾ ਘਰ ਸੋ ਮੇਰਾ ਘਰ | 1954 |
| 9. ਪੁੰਨਿਆ ਦਾ ਚੰਨ | 1955 |
| 10. ਸ਼ੋਭਾ ਸ਼ਕਤੀ | 1961 |
| 11. ਚਮਕੌਰ ਦੀ ਗੜ੍ਹੀ | 1966 |
| 12. ਮਿਟੀ ਧੁੰਧ ਜਗਿ ਚਾਨਣ ਹੋਆ | 1969 |
| 13. ਕਲ, ਅਜ ਤੇ ਭਲਕ | 1971 |
| 14. ਲਹਿੰਦੇ ਦਾ ਨੂਰ | 1973 |
| 15. ਰਾਮ ਲੀਲ੍ਹਾ | 1974 |
| 16. ਹਿੰਦ ਦੀ ਚਾਦਰ | 1975 |
| 17. ਦੇਖ ਕਬੀਰਾ ਰੋਯਾ | 1977 |
| 18. ਅੰਬਰ ਤਾਰਾ | 1979 |
| 19. ਮਸੀਹਾ ਸੂਲੀ ਤੇ ਮੁਸਕ੍ਰਾਇਆ | 1980 |
| 20. ਰਾਣੀ ਜਿੰਦਾਂ | 1981 |
| 21. ਕਾਮਾਗਾਟਾ ਮਾਰੂ | 1983 |
| 22. ਅੰਬਰ ਕਾਲਾ | 1986 |
| 23. ਅੱਗ ਬੁਝਾਓ | 1989 |
| 24. ਨੰਗਾ ਜ਼ਖਮ | 1990 |
| 25. ਸ਼ੁਭ ਕਰਮਨ ਤੇ ਕਬਹੂੰ ਨ ਟਰੋਂ | 1992 |

# ਸ਼ੁਭ ਕਰਮਨ ਤੇ ਕਬਹੂੰ ਨ ਟਰੋਂ

(ਨਾਟਕ)

ਹਰਚਰਨ ਸਿੰਘ

ਸਿੰਘ ਬ੍ਰਦਰਜ਼

1993

SHUBH KARMAN TE KABHUN NA TARON : A full play based on the life of Bhai Maharaj Singh (1780—1856 AD) by : Dr. Harcharn Singh

ISBN 81-7205-090-9

©ਲੇਖਕ 1993

ਪਹਿਲੀ ਵਾਰ : ਮਾਰਚ 1993

ਪ੍ਰਕਾਸ਼ਕ :
ਸਿੰਘ ਬ੍ਰਦਰਜ਼,
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਪ੍ਰਿੰਟਰ :
ਲਾਕਟ ਪ੍ਰਿੰਟਰਜ਼,
ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ

**ਮੁੱਲ : 45 ਰੁਪਏ**

**ਸਮਰਪਿਤ ਹੈ**

ਆਈ. ਐਨ. ਏ. ਲਹਿਰ ਦੇ ਗੁੱਝੇ

ਸੁਤੰਤਰਤਾ ਸੰਗਰਾਮੀ

**ਸ੍ਰੀ ਐਚ. ਐਸ. ਭੱਟੀ**

ਨੂੰ

ਜੋ ਅੰਗ੍ਰੇਜ਼ਾਂ ਹੱਥੋਂ ਮੌਤ ਦੀ ਸਜ਼ਾ ਤੋਂ ਰਬ ਸਬੱਬੀਂ ਬਚੇ ਸਨ। ਸ੍ਰੀ ਭੱਟੀ ਨੂੰ ਸਫਲ ਸਨਅਤਕਾਰ, ਵਿਸ਼ਾਲ-ਦਿਲ ਇਨਸਾਨ, ਸਾਹਿਤਕਾਰਾਂ ਅਤੇ ਕਲਾਕਾਰਾਂ ਦੇ ਕਦਰਦਾਨ ਦੇ ਤੌਰ ਤੇ ਤਾਂ ਬਹੁਤੇ ਜਾਣਦੇ ਹਨ ਪਰ ਭਾਈ ਮਹਾਰਾਜ ਸਿੰਘ ਦੀਆਂ ਕਰਨੀਆਂ ਵਾਂਗ ਸ੍ਰੀ ਭੱਟੀ ਦੀ ਦੇਸ ਪ੍ਰਤੀ ਕੁਰਬਾਨੀ ਨੂੰ ਥੋੜ੍ਹੇ ਸੱਜਣ ਮਿੱਤਰ ਹੀ ਜਾਣਦੇ ਹਨ।

**ਨੋਟ :** ਇਹ ਨਾਟਕ ਰੰਗਮੰਚ ਉਤੇ ਪੇਸ਼ ਕਰਨ ਲਈ ਨਾਟਕਕਾਰ ਡਾ. ਹਰਚਰਨ ਸਿੰਘ ਤੋਂ ਲਿਖਤੀ ਆਗਿਆ ਲੈਣੀ ਬਹੁਤ ਜ਼ਰੂਰੀ ਹੈ ।

ਪਤਾ : 1048/15 ਬੀ, ਚੰਡੀਗੜ੍ਹ-160015

ਫੋਨ : 43040

—ਪ੍ਰਕਾਸ਼ਕ

# ਆਦਿਕਾ

ਅਪ੍ਰੈਲ 1947 ਵਿਚ ਮੈਂ ਐਮ.ਏ. ਅੰਗਰੇਜ਼ੀ ਦਾ ਇਮਤਿਹਾਨ ਦਿੰਦੇ ਸਾਰ ਲਾਹੌਰ ਤੋਂ ਸਿੱਧਾ ਦਿੱਲੀ ਚਲਾ ਗਿਆ ਸੀ । ਕਈ ਮਹੀਨੇ ਨਤੀਜੇ ਦੀ ਉਡੀਕ ਕੀਤੀ । 1948 ਵਿਚ ਪੰਜਾਬ ਯੂਨੀਵਰਸਿਟੀ ਵਲੋਂ ਸਥਾਪਿਤ ਕੈਂਪ ਕਾਲਜ ਵਿਚ ਪੱਤਰਕਾਰੀ ਕੋਰਸ ਲਈ ਦਾਖ਼ਲਾ ਲੈ ਲਿਆ । ਇਕ ਦਿਨ ਮੈਂ ਆਪਣੇ ਇਕ ਦੋਸਤ ਨਾਲ ਲਾਗਲੇ ਕਮਰੇ ਵਿਚ ਇਤਿਹਾਸ ਦੀ ਕਲਾਸ ਵਿਚ ਜਾ ਬੈਠਾ । ਸ. ਕਿਰਪਾਲ ਸਿੰਘ ਨਾਰੰਗ, ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਜਾਬ ਦੇ ਇਤਿਹਾਸ ਦਾ ਪਰਚਾ ਪੜ੍ਹਾ ਰਹੇ ਸਨ । ਉਹਨਾਂ ਦੇ ਭਾਸ਼ਣ ਤੋਂ ਪ੍ਰਭਾਵਿਤ ਹੋ ਕੇ ਮੈਂ ਪੱਤਰਕਾਰੀ ਦੇ ਡਿਪਲੋਮੇ ਦੀ ਥਾਂ ਇਤਿਹਾਸ ਦੀ ਐਮ.ਏ. ਕਰ ਮਾਰੀ । ਪੰਜਾਬ ਦੇ ਇਤਿਹਾਸ ਦਾ ਪਰਚਾ ਪੜ੍ਹਨ ਸਮੇਂ ਮੈਂ ਪਹਿਲੀ ਦਫ਼ਾ ਭਾਈ ਮਹਾਰਾਜ ਸਿੰਘ ਦੇ ਜੀਵਨ, ਮਹਾਨ ਸ਼ਖ਼ਸੀਅਤ ਅਤੇ ਉਸ ਦੀਆਂ ਅਦਭੁਤ ਘਾਲਾਂ ਤੋਂ ਜਾਣੂ ਹੋਇਆ ।

1981 ਵਿਚ ਬੈਂਕੌਕ ਵਿਚ ਹੋਈ ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ ਦੀ ਸਮਾਪਤੀ ਪਿਛੋਂ ਮੈਨੂੰ ਪ੍ਰੋ. ਪ੍ਰੀਤਮ ਸਿੰਘ ਅਤੇ ਡਾ. ਪਰਮਿੰਦਰ ਸਿੰਘ ਦੇ ਸਾਥ ਸਿੰਘਾਪੁਰ ਜਾਣ ਦਾ ਮੌਕਾ ਮਿਲਿਆ । ਉਥੇ ਭਾਈ ਮਹਾਰਾਜ ਸਿੰਘ ਦੀ ਸਾਧਾਰਣ ਯਾਦਗਾਰ ਦੇਖ ਕੇ ਅੰਤ੍ਰੀਵ ਤੌਰ ਤੇ ਮਨ ਬਹੁਤ ਦੁਖੀ ਹੋਇਆ ।

ਇਸ ਨਾਟਕ ਦੇ ਫ਼ੌਰੀ ਲਿਖੇ ਜਾਣ ਦਾ ਵਿਸ਼ੇਸ਼ ਕਾਰਨ ਬਣਿਆ । ਇਸ ਸਾਲ ਜੂਨ ਜੁਲਾਈ ਵਿਚ ਸਿੰਘਾਪੁਰ ਵਿਚ ਸਿਖ ਹੈਰੀਟੇਜ ਕਾਨਫ਼ਰੰਸ ਹੋਈ ਹੈ । ਕਾਨਫ਼ਰੰਸ ਤੋਂ ਪਹਿਲਾਂ ਉਸ ਦੇ ਮੁਖ ਸੰਚਾਲਕ ਪ੍ਰਿੰਸੀਪਲ ਭਜਨ ਸਿੰਘ ਨਾਲ ਐਚ.ਐਸ. ਭੱਟੀ ਦੀ ਕੋਠੀ ਵਿਚ ਇਕ ਮੀਟਿੰਗ ਹੋਈ । ਉਸ ਵਿਚ ਸ. ਗੁਰਸ਼ਰਨ ਸਿੰਘ, ਪ੍ਰਿੰਸੀਪਲ ਪ੍ਰੀਤਮ ਸਿੰਘ ਸਰਾਏ, ਡਾ. ਪਰਮਿੰਦਰ ਸਿੰਘ, ਡਾ. ਦੀਪਕ ਮਨਮੋਹਨ ਸਿੰਘ, ਲਾਟਾ ਹਰਬਖਸ਼ ਸਿੰਘ ਆਦਿ ਸ਼ਾਮਲ ਹੋਏ । ਸ੍ਰੀ ਭੱਟੀ ਦਾ ਸੁਝਾਅ ਲਗਪਗ ਪਰਵਾਨ ਹੋ ਗਿਆ ਸੀ ਕਿ ਦੋਂਹ ਦਿਨਾਂ ਦੀ ਸਿਖ ਹੈਰੀਟੇਜ ਕਾਨਫਰੰਸ ਪਿਛੋਂ ਤੀਜਾ ਦਿਨ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਮਾਰੋਹ ਲਈ ਰੱਖਿਆ ਜਾਵੇ । ਇਹ ਵੀ ਫ਼ੈਸਲਾ ਹੋਇਆ ਕਿ ਕਾਨ-ਫ਼ਰੰਸ ਦੇ ਮੌਕੇ ਤੇ ਭਾਈ ਮਹਾਰਾਜ ਸਿੰਘ ਦੀਆਂ ਕੌਮੀ ਘਾਲਾਂ ਨੂੰ ਨਾਟਕ ਅਤੇ ਵੀਡੀਓ

ਕੈਸਟ ਰਾਹੀਂ ਉਜਾਗਰ ਕੀਤਾ ਜਾਵੇ । ਮੈਨੂੰ ਨਾਟਕ ਲਿਖਣ ਲਈ ਕਿਹਾ ਗਿਆ । ਸ. ਗੁਰਸ਼ਰਨ ਸਿੰਘ ਨੂੰ ਭਾਈ ਮਹਾਰਾਜ ਸਿੰਘ ਦੇ ਰੋਲ ਲਈ ਵੀ ਮਿੱਥ ਲਿਆ ਗਿਆ ਸੀ । ਪਰ ਕਾਨਫਰੰਸ ਦੇ ਪ੍ਰਬੰਧਕਾਂ ਨੇ ਆਪਣੇ ਪਹਿਲੇ ਪ੍ਰੋਗਰਾਮ ਅਨੁਸਾਰ ਦੋ ਦਿਨਾਂ ਦੀ ਸੀਮਤ ਜਿਹੀ ਸਿਖ ਹੈਰੀਟੇਜ ਕਾਨਫਰੰਸ ਹੀ ਕੀਤੀ । ਭਾਵੇਂ ਮੈਂ ਵਕਤ ਸਿਰ 'ਸੁਭ ਕਰਮਨ ਤੇ ਕਬਹੂੰ ਨ ਟਰੋਂ' ਨਾਟਕ ਲਿਖ ਲਿਆ ਸੀ, ਪਰ ਉਸ ਨੂੰ ਉੱਥੇ ਲੈ ਜਾਣ ਦਾ ਅਵਸਰ ਨਾ ਮਿਲਿਆ । ਭਾਈ ਮਹਾਰਾਜ ਸਿੰਘ ਦਾ ਉਮਰ ਭਰ ਜੀਵਨ-ਆਦਰਸ਼ (ਮਾਟੋ) 'ਸੁਭ ਕਰ-ਮਨ ਤੇ ਕਬਹੂੰ ਨ ਟਰੋਂ' ਰਿਹਾ । ਉਸੇ ਤੱਥ ਨੂੰ ਮੁਖ ਰੱਖ ਕੇ ਮੈਂ ਇਸ ਨਾਟਕ ਦਾ ਨਾਂ ਰੱਖਿਆ ਹੈ ।

29 ਮਾਰਚ, 1849 ਨੂੰ ਈਸਟ ਇੰਡੀਆ ਕੰਪਨੀ ਨੇ ਪੰਜਾਬ ਨੂੰ ਆਪਣੀ ਹਕੂਮਤ ਵਿਚ ਸ਼ਾਮਲ ਕਰਨ ਦਾ ਐਲਾਨ ਕੀਤਾ ਸੀ । ਨਾਬਾਲਗ ਮਹਾਰਾਜਾ ਦਲੀਪ ਸਿੰਘ ਅਤੇ ਖ਼ਾਲਸਾ ਕੌਂਸਲ ਦੇ ਮੈਂਬਰਾਂ ਨੂੰ ਡਰਾ ਧਮਕਾ ਕੇ ਅਤੇ ਜਗੀਰਾਂ ਦਾ ਲਾਲਚ ਦੇ ਕੇ ਦਸਤ-ਤਖ਼ਤ ਕਰਵਾਏ ਸਨ । ਪੰਜਾਬ ਹਿੰਦੁਸਤਾਨ ਦਾ ਸਭ ਤੋਂ ਆਖ਼ਰੀ ਰਾਜ ਸੀ ਜੋ ਅੰਗਰੇਜ਼ਾਂ ਨੇ ਫ਼ੌਜੀ ਸ਼ਕਤੀ ਨਾਲ ਨਹੀਂ, ਸਗੋਂ ਕੁਟਿਲ ਨੀਤੀ, ਮਿਸਰ ਤੇਜ ਸਿੰਘ, ਲਾਲ ਸਿੰਘ ਦੀ ਗ਼ਦਾਰੀ ਅਤੇ ਡੋਗਰਿਆਂ ਦੀ ਸਿਆਸੀ ਬੇਈਮਾਨੀ ਨਾਲ ਹਥਿਆਇਆ ਸੀ ।

ਪੰਜਾਬ ਵਿਚ ਸੁਤੰਤਰਤਾ ਸੰਗਰਾਮ ਦਾ ਮੁੱਢ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਦਮ ਰੱਖਣ ਤੋਂ ਫ਼ੌਰਨ ਬਾਅਦ ਸ਼ੁਰੂ ਹੋ ਗਿਆ ਸੀ । ਸਭਰਾਵਾਂ ਦੀ ਲੜਾਈ ਵਿਚ ਹਾਰ ਪਿਛੋਂ ਪੰਜਾਬ ਨੂੰ ਅੰਗਰੇਜ਼ੀ ਸ਼ਿਕੰਜੇ ਵਿਚੋਂ ਕੱਢਣ ਲਈ ਮਹਾਰਾਣੀ ਜਿੰਦਾਂ, ਭਾਈ ਮਹਾਰਾਜ ਸਿੰਘ, ਮੁਲਤਾਨ ਦੇ ਸੂਬੇਦਾਰ ਮੂਲ ਰਾਜ, ਹਜ਼ਾਰੇ ਦੇ ਗਵਰਨਰ ਚਤਰ ਸਿੰਘ ਅਟਾਰੀ ਅਤੇ ਸ਼ੇਰ ਸਿੰਘ ਅਟਾਰੀ ਵਲੋਂ ਯਤਨ ਹੋਏ ਸਨ । ਇਨ੍ਹਾਂ ਵਿਚੋਂ ਭਾਈ ਮਹਾਰਾਜ ਸਿੰਘ ਦਾ ਯੋਗਦਾਨ ਸਭ ਤੋਂ ਵੱਧ ਮਹੱਤਵਪੂਰਨ ਹੈ । ਅਦੁਤੀ ਰੂਹਾਨੀ ਆਗੂ ਭਾਈ ਮਹਾਰਾਜ ਸਿੰਘ ਭਾਰਤ ਦੇ ਚੋਟੀ ਦੇ ਮੁਢਲੇ ਸੁਤੰਤਰਤਾ ਸੰਗਰਾਮੀਆਂ ਵਿਚੋਂ ਸਿਰਕੱਢ ਸਨ । ਪਰ ਕਿੰਨੇ ਦੁਖ ਅਤੇ ਅਫਸੋਸ ਦੀ ਗੱਲ ਹੈ ਕਿ ਅਸੀਂ ਉਸ ਦੀਆਂ ਕੁਰਬਾਨੀਆਂ ਨੂੰ ਅਸਲੋਂ ਭੁਲਾ ਦਿੱਤਾ ਹੈ । ਬਹੁਤੇ ਪੰਜਾਬੀਆਂ ਨੂੰ ਤਾਂ ਉਸ ਦੇ ਨਾਂ ਦਾ ਵੀ ਪਤਾ ਨਹੀਂ, ਉਸ ਦੇ ਅਦਭੁਤ ਕਾਰਨਾਮਿਆਂ ਦਾ ਕੀ ਪਤਾ ਹੋਣਾ ਹੈ । ਕੀ ਕੋਈ ਕੌਮ ਆਪਣੇ ਇਤਿਹਾਸ ਅਤੇ ਵਿਰਸੇ ਤੋਂ ਬੇਮੁਖ ਹੋ ਕੇ ਜ਼ਿੰਦਾ ਰਹਿ ਸਕਦੀ ਹੈ ?

ਭਾਈ ਮਹਾਰਾਜ ਸਿੰਘ ਨੇ ਉਸ ਸਮੇਂ ਪੰਜਾਬ ਨੂੰ ਮੁੜ ਆਜ਼ਾਦ ਕਰਵਾਉਣ ਦਾ ਅਸੰਭਵ ਕੰਮ ਆਪਣੇ ਜ਼ਿੰਮੇ ਲਿਆ, ਜਦੋਂ 16 ਦਸੰਬਰ 1846 ਨੂੰ ਭੈਰੋਵਾਲ ਦੀ ਸੰਧੀ ਅਨੁਸਾਰ ਸਤਲੁਜ-ਬਿਆਸ ਵਿਚਕਾਰਲਾ ਮੈਦਾਨੀ ਅਤੇ ਪਹਾੜੀ ਇਲਾਕਾ ਅੰਗਰੇਜ਼ਾਂ ਨੇ ਆਪਣੀ ਹਕੂਮਤ ਵਿਚ ਮਿਲਾ ਲਿਆ ਸੀ । ਸੁਸਿਖਸ਼ਤ ਖ਼ਾਲਸਾ ਫ਼ੌਜ ਤਿੱਤਰ-ਬਿੱਤਰ ਕਰ ਦਿੱਤੀ ਸੀ । ਮਹਾਰਾਣੀ ਜਿੰਦਾਂ ਦਾ ਅਸਰ-ਰਸੂਖ਼ ਅਸਲੋਂ ਘਟਾ ਦਿੱਤਾ ਸੀ । ਅੱਠ ਮੈਂਬਰੀ ਖ਼ਾਲਸਾ ਕੌਂਸਲ ਮਿੱਟੀ ਦੀ ਮਾਧੋ ਬਣਾ ਦਿੱਤੀ ਗਈ ਸੀ । ਹਾਰ ਕਾਰਨ ਪੰਜਾਬ ਵਿਚ ਮੁਰਦੇਹਾਣੀ ਛਾਈ ਹੋਈ ਸੀ । ਰੈਜ਼ੀਡੈਂਟ ਹੈਨਰੀ-ਲਾਰੰਸ ਪੰਜਾਬ ਦਾ ਗ਼ੈਰ-ਕਾਨੂੰਨੀ



ਵਾਹਿਦ ਮਾਲਕ ਬਣਾ ਦਿੱਤਾ ਗਿਆ ਸੀ ।

ਭਾਈ ਮਹਾਰਾਜ ਸਿੰਘ ਦਾ ਕੰਮ ਕਈ ਪੱਖਾਂ ਤੋਂ ਬਹੁਤ ਮੁਸ਼ਕਲ ਤੇ ਗੁੰਝਲਦਾਰ ਸੀ । ਭਾਵੇਂ ਉਹ ਆਪ ਦੂਰ-ਦ੍ਰਿਸ਼ਟ, ਸੂਝਵਾਨ ਅਤੇ ਨੀਤੀ ਨਿਪੁੰਨ ਸੀ, ਪਰ ਉਸ ਦਾ ਟਾਕਰਾ ਬਹੁਤ ਹੀ ਚਲਾਕ ਤੇ ਘਾਗ ਨੀਤੀਵਾਨਾਂ ਨਾਲ ਸੀ, ਜਿਨ੍ਹਾਂ ਨੇ ਸਾਰੇ ਹਿੰਦੁਸਤਾਨ ਨੂੰ 'ਪਾੜੋ ਅਤੇ ਰਾਜ ਕਰੋ' ਦੀ ਕੁਟਿਲ ਨੀਤੀ ਨਾਲ ਕਾਬੂ ਕਰ ਲਿਆ ਹੋਇਆ ਸੀ । ਉਸ ਸਮੇਂ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਹਕੂਮਤ ਨਾਲ ਟੱਕਰ ਲੈਣੀ ਭਾਰੀ ਸਾਹਸ ਤੇ ਬਹਾਦਰੀ ਦਾ ਕਾਰਨਾਮਾ ਸੀ । ਪੰਜਾਬ ਵਿਚ ਅੰਗਰੇਜ਼ਾਂ ਨੇ ਬਹੁਤ ਸਾਰੇ ਸਰਦਾਰ ਤੇ ਜਾਗੀਰਦਾਰ, ਖ਼ਾਸ ਕਰਕੇ ਡੋਗਰੇ ਅਤੇ ਮਿਸਰ ਉੱਚ ਅਧਿਕਾਰੀਆਂ ਨੂੰ ਪਹਿਲੋਂ ਹੀ ਅੰਦਰੋ-ਗਤੀ ਗੰਢਿਆ ਹੋਇਆ ਸੀ । ਪਿਛਲੇ ਕੁਝ ਸਾਲਾਂ ਦੇ ਰਾਜ ਦਰਬਾਰ ਵਿਚ ਹੋਏ ਖ਼ੂਨ-ਖ਼ਰਾਬੇ ਨੇ ਪੰਜਾਬੀਆਂ ਦੇ ਮਨਾਂ ਵਿਚ ਅਨਿਸਚਿਤਤਾ ਪੈਦਾ ਕੀਤੀ ਹੋਈ ਸੀ । ਹੈਨਰੀ ਲਾਰੰਸ ਇਸ ਸਥਿਤੀ ਨੂੰ ਚੰਗੀ ਤਰ੍ਹਾਂ ਸਮਝਦਾ ਸੀ । ਉਸ ਨੇ ਨਰਮ ਤੇ ਖੁਲ੍ਹ-ਦਿਲੀ ਪਾਲਿਸੀ ਨਾਲ ਲੋਕਾਂ ਦਾ ਮਨ ਜਿੱਤਣਾ ਅਤੇ ਕਈ ਢੰਗਾਂ ਨਾਲ ਉਹਨਾਂ ਦਾ ਧਿਆਨ ਬਦਲਣਾ ਸ਼ੁਰੂ ਕੀਤਾ । ਉਸ ਸਮੇਂ ਰਾਜ-ਕਾਜ ਵਿਚ ਇੱਕੋ ਇਕ ਰਾਜਸੀ ਸੂਝਵਾਨ ਰਾਣੀ ਜਿੰਦਾਂ ਦਾ ਅਸਰ-ਰਸੂਖ਼ ਬੜੀ ਹੁਸ਼ਿਆਰੀ ਨਾਲ ਘਟਾ ਦਿੱਤਾ ਸੀ । ਪੰਜਾਬ ਵਿਚ ਮੁੜ ਅਮਨ-ਚੈਨ ਬਹਾਲ ਹੋਣ ਨਾਲ ਖ਼ਾਸ ਤੌਰ ਤੇ ਉੱਚ ਤਬਕਾ ਅਤੇ ਸ਼ਹਿਰੀ ਪੰਜਾਬੀ ਨਵੇਂ ਹਾਲਾਤ ਨਾਲ ਸਮਝੌਤਾ ਕਰ ਬੈਠੇ ਸਨ ।

ਉਸ ਸਮੇਂ ਨੌਰੰਗਾਬਾਦ ਦਾ ਡੇਰਾ ਦਰਬਾਰ ਸਾਹਿਬ ਅੰਮ੍ਰਿਤਸਰ ਨਾਲੋਂ ਵੀ ਵੱਧ ਲੋਕ ਪ੍ਰਿਯ ਹੋ ਗਿਆ ਸੀ । ਦਰਬਾਰ ਸਾਹਿਬ ਦੇ ਭ੍ਰਿਸ਼ਟ ਮਹੰਤਾਂ ਨੇ ਅੰਗਰੇਜ਼ਾਂ ਦੀ ਜਿੱਤ ਦੀ ਖ਼ੁਸ਼ੀ ਵਿਚ ਦੀਪ-ਮਾਲਾ ਕਰ ਕੇ ਅਤੇ ਆਤਿਸ਼ਬਾਜ਼ੀ ਚਲਾ ਕੇ, ਸਿੱਖਾਂ ਵਿਚ ਰਹਿੰਦੀ-ਖੂੰਹਦੀ ਭਲ ਵੀ ਗੁਆ ਲਈ ਸੀ । ਉਸ ਸਮੇਂ ਨੌਰੰਗਾਬਾਦ ਦੇ ਡੇਰੇ ਦੀ ਮਹਾਨਤਾ ਅਤੇ ਮਹੱਤਤਾ ਦਾ ਅੰਦਾਜ਼ਾ ਲੰਗਰ ਦੀ ਰੋਜ਼ਾਨਾ ਰਸਦ ਤੋਂ ਲਗਾਇਆ ਜਾ ਸਕਦਾ ਹੈ । ਲੰਗਰ ਵਿਚ ਰੋਜ਼ਾਨਾ 700 ਮਣ ਆਟਾ ਅਤੇ 250 ਮਣ ਦਾਲ ਲਗਦੀ ਹੁੰਦੀ ਸੀ । ਵੀਹ-ਵੀਹ ਹਜ਼ਾਰ ਦੀ ਪੰਗਤ ਲਗਦੀ ਹੁੰਦੀ ਸੀ । ਮਹਾਰਾਜਾ ਰਣਜੀਤ ਸਿੰਘ ਵੀ ਪੰਗਤ ਵਿਚ ਬੈਠ ਕੇ ਲੰਗਰ ਛਕ ਕੇ ਗਿਆ ਸੀ । ਡੇਰੇ ਦੀ ਰਖਵਾਲੀ ਲਈ 26000 ਸ਼ਸਤਰਧਾਰੀ ਅਣਖੀ ਸੂਰਮਿਆਂ ਦੀ ਨਫਰੀ ਸੀ । ਗੁਰੂ ਦੇ ਘਰ ਸ਼ਰਨ ਆਏ ਦੀ ਲਾਜ ਰੱਖੀ ਜਾਂਦੀ ਸੀ । ਜਦੋਂ ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕਰ ਕੇ ਅਤਰ ਸਿੰਘ ਸੰਧਾਵਾਲੀਆ ਅਤੇ ਉਸ ਦੇ ਸਾਥੀ ਡੇਰੇ ਅੰਦਰ ਆਣ ਲੁਕੇ ਸਨ ਤਾਂ ਡੇਰੇ ਦੇ ਆਗੂ ਬਾਬਾ ਬੀਰ ਸਿੰਘ ਨੇ ਸੰਧਾਵਾਲੀਆ ਨੂੰ ਖ਼ਾਲਸਾ ਦਰਬਾਰ ਦੇ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ ਸੀ । ਇਸ ਹੀਲੇ-ਬਹਾਨੇ ਵਜ਼ੀਰੇ-ਆਜ਼ਮ ਹੀਰਾ ਸਿੰਘ ਡੋਗਰਾ ਨੇ ਡੇਰੇ ਨੂੰ ਤੋਪਾਂ ਨਾਲ ਉੱਡਾ ਦਿੱਤਾ ਸੀ । ਇਹ ਡੇਰਾ ਡੋਗਰਿਆਂ ਦੀਆਂ ਅੱਖਾਂ ਵਿਚ ਰੜਕਦਾ ਸੀ । ਬਾਬਾ ਬੀਰ ਸਿੰਘ ਦੇ ਅਸਰ-ਰਸੂਖ਼, ਰੂਹਾਨੀ ਤੇ ਦੁਨਿਆਵੀ ਸ਼ਕਤੀ ਤੋਂ ਨਾ ਕੇਵਲ ਡੋਗਰੇ ਸਗੋਂ ਕੁਝ ਸਰਦਾਰ ਜਾਗੀਰਦਾਰ ਵੀ ਦੁਖੀ ਸਨ । ਬਾਬਾ ਬੀਰ

ਸਿੰਘ ਦੇ ਭਰਾ-ਮਾਰੂ ਖ਼ਾਨਾਜੰਗੀ ਦੇਖ ਕੇ ਸਹਿਜ ਸੁਭਾ ਕਹੇ ਇਹ ਸ਼ਬਦ ਉਹਨਾਂ ਦੇ ਮਨਾਂ ਵਿਚ ਕੰਡੇ ਵਾਂਗ ਰੜਕਦੇ ਸਨ, "ਇਨ੍ਹਾਂ ਖ਼ੁਦਗਰਜ਼ ਜਾਗੀਰਦਾਰਾਂ ਅਤੇ ਦੋਗਲੇ ਡੋਗਰਿਆਂ ਨੂੰ ਲੰਮੇ ਪਾ ਕੇ ਸੁਹਾਗਾ ਫੇਰ ਦੇਣਾ ਚਾਹੀਦਾ ਹੈ।"

ਸ਼ਾਹ ਮੁਹੰਮਦ ਨੇ ਆਪਣੇ ਕਿੱਸੇ ਵਿਚ ਉਸ ਦੁਰਘਟਨਾ ਦਾ ਜ਼ਿਕਰ ਕੀਤਾ ਹੈ :

ਬੀਰ ਸਿੰਘ ਨੂੰ ਮਾਰਿਆ ਢਾਹ ਤੋਪਾਂ
ਨਹੀਂ ਛੱਡਿਆ ਸਾਧ ਤੇ ਸੰਤ ਮੀਆਂ। (ਸ਼ਾਹ ਮੁਹੰਮਦ)

ਬਾਬਾ ਬੀਰ ਸਿੰਘ ਦੀ ਸ਼ਹੀਦੀ ਪਿਛੋਂ ਡੇਰੇ ਦੀ ਵਾਗਡੋਰ ਤੇਜੱਸਵੀ ਪੂਰਨ ਗੁਰਸਿੱਖ ਭਾਈ ਮਹਾਰਾਜ ਸਿੰਘ ਨੇ ਸੰਭਾਲੀ। ਉਸ ਦਾ ਪਹਿਲਾ ਨਾਂ ਨਿਹਾਲ ਸਿੰਘ ਸੀ। ਸ: ਪਿਆਰਾ ਸਿੰਘ ਮੀਤ ਪ੍ਰਧਾਨ ਸ਼ਹੀਦ ਬਾਬਾ ਮਹਾਰਾਜ ਸਿੰਘ ਯਾਦਗਾਰੀ ਕਮੇਟੀ ਦੀ ਲਿਖਤੀ ਗਵਾਹੀ ਅਨੁਸਾਰ ਉਸ ਦਾ ਜਨਮ 13 ਜਨਵਰੀ 1780 ਈਸਵੀ ਨੂੰ ਪਿੰਡ ਰੱਬੋਂ ਉੱਚੀ, ਡਾਕਘਰ ਮਲੌਦ, ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਉਸ ਦੀ ਉਮਰ ਉਸ ਸਮੇਂ 64 ਸਾਲ ਦੀ ਸੀ। ਭੈਰੋਵਾਲ ਦੀ ਸੰਧੀ ਪਿਛੋਂ ਖ਼ਾਲਸਾ ਰਾਜ ਨੂੰ ਖ਼ਤਮ ਹੋਣ ਤੋਂ ਬਚਾਉਣ ਲਈ ਉਸ ਨੇ ਧਾਰਮਿਕ ਪ੍ਰਚਾਰਕ ਦੇ ਰੂਪ ਵਿਚ ਪਿੰਡ-ਪਿੰਡ ਵਿਚ ਫਿਰ ਕੇ ਲੋਕਾਂ ਨੂੰ ਫ਼ਿਰੰਗੀਆਂ ਦੀ ਕੁਟਿਲ ਨੀਤੀ ਵਿਰੁੱਧ ਉਤੇਜਿਤ ਕੀਤਾ। ਉਸ ਸਮੇਂ ਰੈਜ਼ੀਡੈਂਟ ਨੇ ਗਵਰਨਰ ਜਨਰਲ ਨੂੰ ਇਕ ਗੁਪਤ ਰਿਪੋਰਟ ਵਿਚ ਲਿਖਿਆ ਸੀ :

'ਮਹਾਰਾਜ ਸਿੰਘ ਨੇ ਦੁਆਬੇ ਵਿਚ ਤਿੰਨ ਹਫਤਿਆਂ ਦੇ ਦੌਰੇ ਦੌਰਾਨ ਇੰਨੀ ਉਤੇ-ਜਨਾ ਪੈਦਾ ਕਰ ਦਿਤੀ ਹੈ ਕਿ ਬਗ਼ਾਵਤ ਦੇ ਹਾਲਾਤ ਪੈਦਾ ਹੋ ਗਏ ਹਨ।'

ਉੱਤਰ ਵਿਚ ਗਵਰਨਰ ਜਨਰਲ ਨੇ ਲਿਖਿਆ ਸੀ ਕਿ ਖ਼ਾਲਸੇ ਦੇ ਅਣਖੀ ਜਜ਼ਬੇ ਨੂੰ ਕੁਚਲੇ ਬਿਨਾਂ ਪੰਜਾਬ ਉਤੇ ਕਬਜ਼ਾ ਨਹੀਂ ਰੱਖਿਆ ਜਾ ਸਕਦਾ। ਉਸ ਨੇ ਹਰ ਵਿਰੋਧਤਾ ਨੂੰ ਸਖ਼ਤੀ ਨਾਲ ਖ਼ਤਮ ਕਰਨ ਦਾ ਹੁਕਮ ਦਿੱਤਾ ਸੀ।

18 ਮਾਰਚ 1848 ਨੂੰ ਜਦੋਂ ਮੂਲ ਰਾਜ ਸੂਬੇਦਾਰ ਮੁਲਤਾਨ ਨੇ ਬਗ਼ਾਵਤ ਕਰ ਦਿੱਤੀ ਸੀ ਤਾਂ ਮਹਾਰਾਜ ਸਿੰਘ ਖੁਲ੍ਹ ਕੇ ਸਿਆਸਤ ਵਿਚ ਕੁਦ ਪਿਆ। ਰੈਜ਼ੀਡੈਂਟ ਫ਼ਰੈਡਰਿਕ ਕਿਊਰੀ ਦੀ ਇਕ ਗੁਪਤ ਰਿਪੋਰਟ ਅਨੁਸਾਰ 'ਇਕ ਧਾਰਮਿਕ ਪ੍ਰਚਾਰਕ ਰਾਤੋ-ਰਾਤ ਭਾਰੀ ਸਿਆਸੀ ਲੀਡਰ ਬਣ ਗਿਆ ਹੈ।' ਮੂਲ ਰਾਜ ਦੀ ਬਗ਼ਾਵਤ ਨੂੰ ਦਬਾਉਣ ਲਈ ਰਾਜਾ ਸ਼ੇਰ ਸਿੰਘ ਅਟਾਰੀ ਨੂੰ ਤਕੜੀ ਫ਼ੌਜ ਦੇ ਕੇ ਮੁਲਤਾਨ ਭੇਜਿਆ ਗਿਆ ਸੀ। ਇਹ ਖ਼ਬਰ ਮਿਲਣ 'ਤੇ ਮਹਾਰਾਜ ਸਿੰਘ ਸੰਤ ਸਿਪਾਹੀਆਂ ਦਾ ਇਕ ਤਕੜਾ ਟੋਲਾ ਲੈ ਕੇ ਮੁਲਤਾਨ ਵੱਲ ਨੂੰ ਚਲ ਪਿਆ ਸੀ। ਰੈਜ਼ੀਡੈਂਟ ਨੇ ਮੇਜਰ ਕੌਕਸ ਨੂੰ ਭਾਰੀ ਫ਼ੋਰਸ ਦੇ ਕੇ ਮਹਾਰਾਜ ਸਿੰਘ ਨੂੰ ਮੁਲਤਾਨ ਪਹੁੰਚਣ ਤੋਂ ਰੋਕਣ ਅਤੇ ਗ੍ਰਿਫ਼ਤਾਰ ਕਰਨ ਲਈ ਭੇਜਿਆ ਸੀ। ਪਰ ਮੂਲ ਰਾਜ ਦਾ ਹੌਸਲਾ ਬੁਲੰਦ ਕਰਨ ਲਈ ਮਹਾਰਾਜ ਸਿੰਘ ਮੁਲਤਾਨ ਪਹੁੰਚ ਗਿਆ ਸੀ, ਭਾਵੇਂ ਮੂਲ ਰਾਜ ਦੇ ਰਵੱਈਏ ਤੋਂ ਭਾਈ ਮਹਾਰਾਜ ਸਿੰਘ ਖ਼ੁਸ਼ ਨਹੀਂ ਸੀ ਹੋਇਆ।



ਜਦੋਂ ਹਜ਼ਾਰੇ ਦੇ ਗਵਰਨਰ ਚਤਰ ਸਿੰਘ ਅਟਾਰੀ ਨੇ ਬਗ਼ਾਵਤ ਕਰ ਦਿਤੀ ਤਾਂ ਮਹਾਰਾਜ ਜੰਮੂ ਵੱਲ ਦਾ ਲੰਮਾ ਰਸਤਾ ਤੈਅ ਕਰ ਕੇ ਹਜ਼ਾਰੇ ਪਹੁੰਚ ਗਿਆ। ਫਰੰਗੀ ਬੇਹੱਦ ਤਿਲਮਲਾਏ। ਮਹਾਰਾਜ ਸਿੰਘ ਨੇ ਸ਼ੇਰ ਸਿੰਘ ਨੂੰ ਵੀ ਆਪਣੇ ਪਿਤਾ ਦੀ ਮਦਦ ਲਈ ਹਜ਼ਾਰੇ ਪੁਜਣ ਲਈ ਪ੍ਰੇਰ ਲਿਆ ਸੀ। ਅੰਗਰੇਜ਼ਾਂ ਲਈ ਇਹ ਭਾਰੀ ਸੱਟ ਸੀ। ਸ਼ੇਰ ਸਿੰਘ ਦੀ ਕਮਾਨ ਹੇਠ ਅੰਗਰੇਜ਼ਾਂ ਨਾਲ ਸਿੰਘਾਂ ਦੀਆਂ ਤਿੰਨ ਲੜਾਈਆਂ ਲੜੀਆਂ ਗਈਆਂ—ਰਾਮ ਨਗਰ ਦੀ (4 ਦਸੰਬਰ 1848), ਚੇਲੀਆਂਵਾਲੀ (13 ਜਨਵਰੀ 1849) ਅਤੇ ਗੁਜਰਾਤ ਦੀ (21 ਫ਼ਰਵਰੀ 1849) ਨੂੰ। ਚੇਲੀਆਂਵਾਲੀ ਲੜਾਈ ਵਿਚ ਅੰਗਰੇਜ਼ਾਂ ਨੂੰ ਲੱਕ-ਤੋੜਵੀਂ ਹਾਰ ਹੋਈ। ਪਿਛਲੇ ਸੌ ਸਾਲਾਂ ਵਿਚ ਅੰਗਰੇਜ਼ਾਂ ਨੂੰ ਐਨੀ ਨਮੋਸ਼ੀ ਤੇ ਘਬਰਾਹਟ ਨਹੀਂ ਸੀ ਹੋਈ। ਲੰਡਨ ਦੀਆਂ ਗਲੀਆਂ ਵਿਚ ਕੁਰਲਾਹਟ ਮਚ ਗਿਆ। ਸਮਕਾਲੀ ਅੰਗਰੇਜ਼ ਇਤਿਹਾਸਕਾਰ ਐਡਵਿਨ ਆਰਨੋਲਡ ਲਿਖਦਾ ਹੈ :

'ਜੇ ਸਿੱਖ ਅੰਗਰੇਜ਼ਾਂ ਉਤੇ ਚੇਲੀਆਂਵਾਲੀ ਵਰਗੀ ਇਕ ਹੋਰ ਜਿੱਤ ਪ੍ਰਾਪਤ ਕਰ ਲੈਂਦੇ ਤਾਂ ਅੰਗਰੇਜ਼ ਪੰਜਾਬ ਤੋਂ ਹੱਥ ਧੋ ਬੈਠਦੇ।'

ਚੇਲੀਆਂਵਾਲੀ ਲੜਾਈ ਵਿਚ ਰਸਦ-ਪਾਣੀ ਅਤੇ ਫ਼ੌਜੀ ਹਥਿਆਰਾਂ ਦੀ ਸਪਲਾਈ ਦਾ ਸਾਰਾ ਪ੍ਰਬੰਧ ਭਾਈ ਮਹਾਰਾਜ ਸਿੰਘ ਦੇ ਸਪੁਰਦ ਸੀ। ਇਸ ਤੋਂ ਬਿਨਾਂ ਉਸ ਨੇ ਖ਼ੁਦ ਆਪਣੀ ਪ੍ਰਸਿੱਧ ਚੀਨੀ ਘੋੜੀ 'ਤੇ ਚੜ੍ਹ ਕੇ ਸਿਪਾਹੀਆਂ ਦਾ ਹੌਸਲਾ ਵਧਾਇਆ। ਪਰ ਮਹਾਰਾਜ ਸਿੰਘ ਦੀ ਸਲਾਹ ਤੋਂ ਐਨ ਉਲਟ ਸ਼ੇਰ ਸਿੰਘ ਨੇ ਗੁਜਰਾਤ ਦੀ ਲੜਾਈ ਲੜਨ ਦੀ ਕਾਹਲ ਕੀਤੀ ਅਤੇ ਕਰਾਰੀ ਹਾਰ ਖਾਧੀ। ਮਹਾਰਾਜ ਸਿੰਘ ਚਾਹੁੰਦਾ ਸੀ ਕਿ ਪੂਰੀ ਤਿਆਰੀ ਕਰ ਕੇ ਪੰਜਾ ਸਾਹਿਬ ਦੇ ਇਤਿਹਾਸਕ ਸਥਾਨ 'ਤੇ ਫ਼ੈਸਲਾਕੁੰਨ ਲੜਾਈ ਲੜੀ ਜਾਵੇ। ਗੁਜਰਾਤ ਦੀ ਹਾਰ ਪਿਛੋਂ ਚਤਰ ਸਿੰਘ ਅਟਾਰੀ ਅਤੇ ਸ਼ੇਰ ਸਿੰਘ ਨੇ ਰਾਵਲਪਿੰਡੀ ਦੇ ਨੇੜੇ ਹਜ਼ਾਰਾਂ ਫ਼ੌਜੀਆਂ ਸਮੇਤ ਹਥਿਆਰ ਸੁੱਟ ਦਿੱਤੇ ਸਨ।

ਭਾਈ ਮਹਾਰਾਜ ਸਿੰਘ ਲਈ ਉਹ ਮਹਾਨ ਫ਼ੈਸਲੇ ਦੀ ਘੜੀ ਸੀ। ਉਸ ਦਾ ਅਸਲ ਕ੍ਰਾਂਤੀਕਾਰੀ ਸੰਘਰਸ਼ ਉਸ ਮੰਦਭਾਗੀ ਘਟਨਾ ਤੋਂ ਬਾਅਦ ਸ਼ੁਰੂ ਹੁੰਦਾ ਹੈ। ਉਹ ਨੌਰੰਗਾਬਾਦ ਦੇ ਡੇਰੇ ਤੋਂ ਅਰਦਾਸ ਕਰ ਕੇ ਅਤੇ ਦਰਬਾਰ ਸਾਹਿਬ ਦੀ ਦਰਨਧੂੜ ਮੱਥੇ ਨੂੰ ਲਾ ਕੇ ਦ੍ਰਿੜ੍ਹ ਇਰਾਦੇ ਨਾਲ ਤੁਰਿਆ ਸੀ। ਆਦਰਸ਼ ਸਪੱਸ਼ਟ ਸੀ—ਜਿੱਤ ਜਾਂ ਸ਼ਹੀਦੀ। ਸੋ ਮਹਾਰਾਜ ਸਿੰਘ ਨੇ ਪੰਜਾਬ ਨੂੰ ਮੁੜ ਸੁਤੰਤਰ ਕਰਵਾਉਣ ਲਈ ਜੰਗ ਜਾਰੀ ਰੱਖਣ ਦਾ ਐਲਾਨ ਕੀਤਾ। ਉਸ ਸਮੇਂ ਸਾਰੇ ਹਿੰਦੁਸਤਾਨ ਉਤੇ ਕਾਬਜ਼ ਅਤੇ ਸੰਸਾਰ ਦੀ ਸਭ ਤੋਂ ਸ਼ਕਤੀਸ਼ਾਲੀ ਬ੍ਰਿਟਿਸ਼ ਹਕੂਮਤ ਨੂੰ ਵੰਗਾਰਨਾ ਅਤੇ ਉਸ ਦੇ ਵਿਰੁੱਧ ਜੰਗ ਜਾਰੀ ਰੱਖਣਾ ਰੂਹਾਨੀ ਵਿਰਾਸਤ ਸਦਕਾ ਹੀ ਸੰਭਵ ਸੀ। ਦਸਮੇਸ਼ ਗੁਰੂ ਦੀ ਮਿਸਾਲ ਉਸ ਦੇ ਸਾਹਮਣੇ ਸੀ। ਮਹਾਰਾਜ ਸਿੰਘ ਨੇ ਪੰਜਾਬ ਦੀ ਲੋਕ-ਸ਼ਕਤੀ ਦਾ ਆਸਰਾ ਲੈਣ ਦਾ ਪ੍ਰੋਗਰਾਮ ਉਲੀਕਿਆ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਸਾਰੇ ਪੰਜਾਬੀਆਂ ਦਾ ਵਿਸ਼ਵਾਸ ਜਿੱਤੇ ਬਿਨਾਂ ਇਨਕਲਾਬ ਸੰਭਵ ਤੇ ਸਫ਼ਲ ਨਹੀਂ ਹੋ ਸਕਦਾ। ਉਸ ਨੇ ਹਿੰਦੂ, ਮੁਸਲਮਾਨ, ਸਿੱਖ, ਰਾਜਪੂਤਾਂ, ਸਾਬਕਾ ਫ਼ੌਜੀਆਂ ਆਦਿ ਦਾ ਸਾਂਝਾ ਮੁਹਾਜ਼

ਕਾਇਮ ਕਰਨ ਦਾ ਮਨ ਬਣਾਇਆ । ਉਸ ਪਿਛੋਂ ਮਹਾਰਾਜ ਸਿੰਘ ਨੇ ਦੇਵੀ ਬਟਾਲਾ (ਜੰਮੂ) ਨੂੰ ਆਪਣਾ ਗੜ੍ਹ ਬਣਾ ਕੇ ਗੁਰੀਲਾ ਢੰਗ ਦੀ ਲੜਾਈ ਲੜਨ ਦੀ ਮੁਹਿੰਮ ਸ਼ੁਰੂ ਕੀਤੀ । ਦੋ ਸਾਲਾਂ ਦੀ ਸਖ਼ਤ ਮਿਹਨਤ, ਸੂਝ ਅਤੇ ਪ੍ਰਚਾਰ ਦੁਆਰਾ ਉਸ ਨੇ ਲਗਪਗ ਸਾਰੇ ਪੰਜਾਬ ਨੂੰ ਅੰਦਰੋ-ਗਤੀ ਵਿਦਰੋਹ ਲਈ ਤਿਆਰ ਕਰ ਲਿਆ । ਹਕੂਮਤ ਵਿਚ ਸਖ਼ਤ ਤਨਾਅ ਪੈਦਾ ਹੋਇਆ । ਮਦਦ ਕਰਨ ਵਾਲੇ ਲੋਕਾਂ ਅਤੇ ਪਿੰਡਾਂ ਨੂੰ ਲੁੱਟ ਪੁਟ ਕੇ ਅੱਗਾਂ ਲਾਈਆਂ ਗਈਆਂ । ਮਹਾਰਾਜ ਸਿੰਘ ਦੀ ਗ੍ਰਿਫ਼ਤਾਰੀ ਲਈ ਉਸ ਸਮੇਂ 10,000 ਰੁਪਿਆ ਪੇਸ਼ਗੀ ਦਿੱਤਾ ਗਿਆ । ਉਸ ਦੀ ਕੁਲ ਜਾਇਦਾਦ ਜ਼ਬਤ ਕਰ ਕੇ ਨਿਲਾਮ ਕੀਤੀ ਗਈ । ਬਾਵਜੂਦ ਇਸ ਦੇ ਲੋਕਾਂ ਨੇ ਜਾਨੀ ਤੇ ਮਾਲੀ ਖ਼ਤਰਾ ਮੁਲ ਲੈ ਕੇ ਉਸ ਦੀ ਦਿਲੋ-ਜਾਨ ਨਾਲ ਮਦਦ ਕੀਤੀ ।

ਭਾਈ ਮਹਾਰਾਜ ਸਿੰਘ ਨੇ 1857 ਵਰਗਾ ਗ਼ਦਰ ਮਚਾਉਣ ਲਈ 20 ਪੋਹ, ਦਿਨ ਬੁੱਧਵਾਰ, 3 ਜਨਵਰੀ 1850 ਦਾ ਦਿਨ ਨੀਯਤ ਕੀਤਾ । ਜਲੰਧਰ ਅਤੇ ਹੁਸ਼ਿਆਰਪੁਰ ਦੀਆਂ ਛਾਉਣੀਆਂ ਤੋਂ ਵਿਦਰੋਹ ਸ਼ੁਰੂ ਹੋਣਾ ਸੀ । ਮੁਕੰਮਲ ਤਿਆਰੀ ਹੋ ਚੁੱਕੀ ਸੀ । ਪਰ 28 ਦਸੰਬਰ 1849 ਨੂੰ ਛੇ ਦਿਨ ਪਹਿਲਾਂ ਇਕ ਮੁਸਲਮਾਨ ਜਾਸੂਸ ਨੇ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਸੂਚਨਾ ਦੇ ਕੇ ਆਦਮਪੁਰ ਦੁਆਬੇ ਦੀ ਝਿੜੀ ਵਿਚੋਂ ਮਹਾਰਾਜ ਸਿੰਘ ਨੂੰ ਗਿਫ਼ਤਾਰ ਕਰਵਾ ਦਿੱਤਾ । ਇਸ ਗੱਲ 'ਤੇ ਅੰਗਰੇਜ਼ਾਂ ਨੇ ਭਾਰੀ ਖ਼ੁਸ਼ੀ ਮਨਾਈ, ਕਿਉਂਕਿ ਉਨ੍ਹਾਂ ਦੇ ਰਾਹ ਦਾ ਆਖ਼ਰੀ ਰੋੜਾ ਦੂਰ ਹੋਇਆ ਸੀ ।

ਐਡਵਿਨ ਆਰਨੋਲਡ ਲਿਖਦਾ ਹੈ, 'ਜੇ ਮਹਾਰਾਜ ਸਿੰਘ ਗ੍ਰਿਫ਼ਤਾਰ ਨਾ ਹੁੰਦਾ ਤਾਂ ਪੰਜਾਬ ਅੰਗਰੇਜ਼ਾਂ ਦੇ ਪੰਜੇ ਵਿਚੋਂ ਨਿਕਲ ਜਾਣਾ ਸੀ ।'

ਮਹਾਰਾਜ ਸਿੰਘ ਨੂੰ ਕਈ ਦਿਨ ਜਲੰਧਰ ਛਾਉਣੀ ਵਿਚ ਭੁੱਖਾ ਰੱਖਿਆ ਗਿਆ । ਕੁਝ ਚਿਰ ਕਲਕੱਤੇ ਦੇ ਵਿਲੀਅਮ ਫ਼ੋਰਟ ਕਿਲ੍ਹੇ ਵਿਚ ਕੈਦ ਰੱਖਣ ਪਿਛੋਂ ਉਸ ਨੂੰ ਸਿੰਘਾਪੁਰ ਜੇਲ੍ਹ ਦੀ ਅਜਿਹੀ ਕਾਲ-ਕੋਠੜੀ ਵਿਚ ਡੱਕਿਆ ਗਿਆ ਜਿਥੇ ਨਾ ਹਵਾ ਤੇ ਨਾ ਰੌਸ਼ਨੀ ਦਾ ਪ੍ਰਬੰਧ ਸੀ । ਨਾਮ ਸਿਮਰਨ ਅਤੇ ਰੂਹਾਨੀ ਸ਼ਕਤੀ ਆਸਰੇ ਮਹਾਰਾਜ ਸਿੰਘ ਨੇ 6 ਸਾਲ ਕੱਟੇ, ਪਰ ਅਖ਼ੀਰੀ ਦਮ ਤਕ ਈਨ ਨਾ ਮੰਨੀ । ਅੱਖਾਂ ਦੀ ਲੋਅ ਜਾਂਦੀ ਰਹੀ, ਕੈਂਸਰ ਦੀ ਬਿਮਾਰੀ ਹੋ ਗਈ, ਪਰ ਰੂਹਾਨੀ ਮਹਾਂਪੁਰਸ਼ ਅਖ਼ੀਰ ਦਮ ਤਕ ਚੜ੍ਹਦੀ ਕਲਾ ਵਿਚ ਰਿਹਾ । ਉਸ ਦੀ ਆਖ਼ਰੀ ਇੱਛਾ ਇਹ ਸੀ, 'ਮੁੜ ਜਨਮ ਧਾਰ ਕੇ ਦੇਸ਼ ਦੀ ਸੁਤੰਤਰਤਾ ਲਈ ਫ਼ਾਂਸੀ ਦਾ ਰੱਸਾ ਚੁੰਮਾ ।' ਲਗਦਾ ਹੈ ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਆਦਿ ਦੇਸ਼-ਭਗਤ ਸ਼ਹੀਦਾਂ ਵਿਚ ਭਾਈ ਮਹਾਰਾਜ ਸਿੰਘ ਦੀ ਰੂਹਾਨੀ ਸ਼ਕਤੀ ਕੰਮ ਕਰ ਰਹੀ ਸੀ ।

ਸਰੀਰਕ ਤੌਰ 'ਤੇ ਮਹਾਰਾਜ ਸਿੰਘ ਜਵਾਨੀ ਸਮੇਂ ਬਹੁਤ ਹੀ ਖ਼ੂਬਸੂਰਤ, ਚੁਸਤ ਅਤੇ ਫੁਰਤੀਲਾ ਨੌਜਵਾਨ ਸੀ । ਉਸ ਦੀ ਸਿਆਸੀ ਸੂਝ, ਦੂਰ-ਅੰਦੇਸ਼ੀ ਅਤੇ ਉੱਚੇ-ਸੁੱਚੇ ਇਖ਼ਲਾਕ ਦੀ ਅੰਗਰੇਜ਼ਾਂ ਨੇ ਵੀ ਤਾਰੀਫ਼ ਕੀਤੀ ਹੈ । ਉਹ ਉਤਮ ਫ਼ੌਜੀ ਜਰਨੈਲ ਵੀ ਸੀ । ਬਿਨਾਂ ਕਿਸੇ ਲੋਭ ਲਾਲਚ ਦੇ ਇਖ਼ਲਾਕੀ ਫ਼ਰਜ਼ ਸਮਝ ਕੇ ਕਸ਼ਟਾਂ ਭਰਪੂਰ



ਜੀਵਨ ਦੇਸ਼ ਲਈ ਅਰਪਨ ਕੀਤਾ ।

ਮਿਸਟਰ ਵੈਨਿਸਟਾਰਟ ਡਿਪਟੀ ਕਮਿਸ਼ਨਰ ਜਲੰਧਰ ਨੇ ਇਕ ਗੁਪਤ ਰਿਪੋਰਟ ਵਿਚ ਲਿਖਿਆ ਸੀ, "ਗੁਰੂ (ਮਹਾਰਾਜ ਸਿੰਘ) ਕੋਈ ਸਾਧਾਰਣ ਵਿਅਕਤੀ ਨਹੀਂ । ਸਥਾਨਕ ਵਸਨੀਕਾਂ ਲਈ ਉਸ ਦਾ ਉਹ ਦਰਜਾ ਹੈ ਜੋ ਈਸਾਈਆਂ ਲਈ ਯਸੂਹ ਮਸੀਹ ਦਾ ਸੀ । ਉਸ ਦੀਆਂ ਕਰਾਮਾਤਾਂ ਹਜ਼ਾਰਾਂ ਲੋਕਾਂ ਨੇ ਅੱਖੀਂ ਵੇਖੀਆਂ ਸਨ । ਲੋਕਾਂ ਨੂੰ ਉਹਨਾਂ ਤੇ ਉਤਨਾ ਹੀ ਨਿਸ਼ਚਾ ਸੀ ਜਿੰਨਾ ਕਿ ਪੁਰਾਤਨ ਪੈਗੰਬਰਾਂ ਦੀਆਂ ਕਰਾਮਾਤਾਂ ਤੇ ਹੋ ਸਕਦਾ ਹੈ ।"

ਦੁਆਬੇ ਦਾ ਕਮਿਸ਼ਨਰ ਮਿਸਟਰ ਮੈਕਲੋਡ 11 ਅਕਤੂਬਰ 1850 ਦੀ ਗੁਪਤ ਰਿਪੋਰਟ ਵਿਚ ਲਿਖਦਾ ਹੈ, "ਮੈਨੂੰ ਇਸ ਬਾਰੇ ਪੱਕਾ ਨਿਸ਼ਚਾ ਹੈ ਕਿ ਕਈ ਪੱਖਾਂ ਤੋਂ ਗੁਰੂ ਇਕ ਬਹੁਤ ਮਹੱਤਵਪੂਰਨ ਵਿਅਕਤੀ ਹੈ । ਉਸ ਕੋਲ ਬਹੁਤ ਸਵੈ-ਵਿਸ਼ਵਾਸ ਅਤੇ ਸਿਆਣਪ ਹੈ । ਉਹ ਇੰਨਾ ਗਹਿਰ-ਗੰਭੀਰ ਅਤੇ ਚੁੱਪ-ਚਪੀਤਾ ਹੈ ਕਿ ਉਸ ਦੇ ਮਨ ਦੇ ਸੰਕਲਪ ਬਾਰੇ ਕੇਵਲ ਉਸ ਨੂੰ ਹੀ ਪਤਾ ਹੁੰਦਾ ਸੀ । ਉਹ ਨਾ ਕੇਵਲ ਆਪ ਵਿਉਂਤ ਬਣਾ ਸਕਦਾ ਸੀ ਸਗੋਂ ਉਹਨਾਂ ਨੂੰ ਵੱਖੋ-ਵੱਖ ਵਿਅਕਤੀਆਂ ਰਾਹੀਂ ਸਿਰੇ ਚਾੜ੍ਹਦਾ ਸੀ । ਉਸ ਦੇ ਬਹੁਤ ਅਨੁਭਵੀ ਅਤੇ ਦੂਰ-ਅੰਦੇਸ਼ ਹੋਣ ਦੇ ਬਹੁਤ ਸਬੂਤ ਮਿਲਦੇ ਹਨ । ਇਨ੍ਹਾਂ ਗੁਣਾਂ ਕਾਰਨ ਹੀ ਉਹ ਆਪਣੀ ਲੀਡਰੀ ਦੇ ਸਮੇਂ ਵਿਚ ਪ੍ਰਸਿੱਧ ਰਿਹਾ ਸੀ ।"

ਅੰਗਰੇਜ਼ ਅਫ਼ਸਰਾਂ ਅਤੇ ਇਤਿਹਾਸਕਾਰਾਂ ਦੀ ਸ਼ਹਾਦਤ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਜੇਕਰ ਭਾਈ ਮਹਾਰਾਜ ਸਿੰਘ 28 ਦਸੰਬਰ 1849 ਨੂੰ ਗ੍ਰਿਫ਼ਤਾਰ ਨਾ ਹੁੰਦਾ ਤਾਂ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਪੰਜਾਬ ਨੂੰ ਇਕ ਮਹਾਨ ਸਿਆਸੀ ਤੇ ਰੂਹਾਨੀ ਆਗੂ ਮਿਲ ਜਾਣਾ ਸੀ । 1857 ਦੇ ਸੰਘਰਸ਼ ਨੂੰ ਸੇਧ ਦੇਣ ਵਿਚ ਉਸ ਦਾ ਭਾਰੀ ਯੋਗਦਾਨ ਹੋਣਾ ਸੀ । ਅੰਗਰੇਜ਼ਾਂ ਦੇ ਪੰਜਾਬ ਵਿਚੋਂ ਪੈਰ ਥਿੜਕਣ ਨਾਲ ਹਿੰਦੁਸਤਾਨ ਵਿਚੋਂ ਵੀ ਉਖੜਨ ਦੀ ਸੰਭਾਵਨਾ ਪੈਦਾ ਹੋ ਜਾਣੀ ਸੀ । ਅਫ਼ਸੋਸ ! ਏਡੇ ਨੀਤੀ ਨਿਪੁੰਨ, ਮਹਾਨ ਰੂਹਾਨੀ ਇਨਕਲਾਬੀ ਦੀ ਕੁਰਬਾਨੀ ਨੂੰ ਅਸੀਂ ਅਸਲੋਂ ਭੁਲਾਈ ਰੱਖਿਆ ਹੈ ।

ਇਸ ਨਾਟਕ ਲਈ ਇਤਿਹਾਸਕ ਘਟਨਾਵਾਂ ਅਤੇ ਤੱਥਾਂ ਤਰੀਕਾਂ ਦੀ ਜਾਣਕਾਰੀ ਮੈਂ ਵਧੇਰੇ ਕਰਕੇ ਸ੍ਰੀ ਐਮ.ਐਲ. ਆਹਲੂਵਾਲੀਆ, ਭਾਈ ਨਾਹਰ ਸਿੰਘ, ਡਾ. ਗੰਡਾ ਸਿੰਘ ਆਦਿ ਦੀਆਂ ਖੋਜ ਭਰਪੂਰ ਪੁਸਤਕਾਂ ਤੋਂ ਪ੍ਰਾਪਤ ਕੀਤੀ ਹੈ । ਇਸ ਲਈ ਮੈਂ ਉਹਨਾਂ ਦਾ ਰਿਣੀ ਅਤੇ ਹਾਰਦਿਕ ਧੰਨਵਾਦੀ ਹਾਂ । ਇਤਿਹਾਸ ਅਤੇ ਨਾਟਕ ਵਿਚ ਫ਼ਰਕ ਹੁੰਦਾ ਹੈ । ਇਤਿਹਾਸਕ ਘਟਨਾਵਾਂ ਨੂੰ ਨਾਟਕੀ ਰੂਪ ਦੇਣ ਲਈ ਮੈਂ ਦੋ ਤਿੰਨ ਥਾਈਂ ਲੋੜੀਂਦੀ ਅਦਲਾ ਬਦਲੀ ਕੀਤੀ ਹੈ । ਆਸ਼ੇ ਦੀ ਸਿੱਧੀ ਲਈ ਤੇ ਪ੍ਰਭਾਵ ਨੂੰ ਤੀਖਣ ਕਰਨ ਲਈ ਨਾਟਕਕਾਰ ਲਈ ਕਈ ਦਫ਼ਾ ਅਜਿਹਾ ਕਰਨਾ ਜ਼ਰੂਰੀ ਹੋ ਜਾਂਦਾ ਹੈ । ਉਦਾਹਰਣ ਵਜੋਂ ਸੱਤਵੇਂ ਅੰਕ ਵਿਚ ਅੰਤਿਮ ਖ਼ਾਲਸਾ ਦਰਬਾਰ ਵਿਚ ਪੰਜਾਬ ਨੂੰ ਈਸਟ ਇੰਡੀਆ ਕੰਪਨੀ ਦੀ ਹਕੂਮਤ ਵਿਚ ਸ਼ਾਮਲ ਕਰਨ ਦਾ ਐਲਾਨ ਕਰਨ ਲਈ ਗਵਰਨਰ ਜਨਰਲ ਡਲਹੌਜ਼ੀ ਨੇ ਆਪਣੀ ਥਾਂ ਵਿਦੇਸ਼ ਸਕੱਤਰ ਇਲੀਅਟ ਨੂੰ ਲਾਹੌਰ ਭੇਜਿਆ ਸੀ ।

ਇਲੀਅਟ ਸ਼ੁਰੂ ਵਿਚ ਹੈਨਰੀ ਲਾਰੰਸ ਦੇ ਅਧੀਨ ਸਲਾਹਕਾਰ ਰਿਹਾ ਸੀ। ਲਾਰੰਸ ਅਤੇ ਇਲੀਅਟ ਵਿਚਕਾਰ ਪੰਜਾਬ ਨੂੰ ਫ਼ੌਰਨ ਅੰਗਰੇਜ਼ੀ ਹਕੂਮਤ ਵਿਚ ਸ਼ਾਮਲ ਕਰਨ ਦੀ ਪਾਲਿਸੀ ਦੀ ਝੜਪ ਮੈਨੂੰ ਬਹੁਤ ਹਲਕੀ ਲੱਗਦੀ ਸੀ। ਇਸ ਵਾਸਤੇ ਮੈਂ ਸੁਚੇਤ ਤੌਰ ਤੇ ਲਾਰਡ ਡਲਹੌਜ਼ੀ ਨੂੰ ਲਿਆਂਦਾ ਹੈ।

ਇਸ ਨਾਟਕ ਨੂੰ ਅਜੀਤ ਮੈਗਜ਼ੀਨ (ਸੰਡੇ) ਵਿਚ ਦਸ ਕਿਸ਼ਤਾਂ (ਬਿਨਾਂ ਆਦਿਕਾ ਦੇ) ਵਿਚ ਛਾਪ ਕੇ ਅਣਗਿਣਤ ਪਾਠਕਾਂ ਤਕ ਪਚਾਉਣ ਲਈ ਮੈਂ ਸ. ਬਰਜਿੰਦਰ ਸਿੰਘ, ਸੰਪਾਦਕ 'ਅਜੀਤ' ਦਾ ਤਹਿ-ਦਿਲੋਂ ਧੰਨਵਾਦੀ ਹਾਂ। ਮੇਰੇ ਪਰਮ ਸਨੇਹੀ ਸ. ਤਾਰਾ ਸਿੰਘ ਹੇਅਰ, ਸੰਪਾਦਕ 'ਇੰਡੋ ਕੈਨੇਡੀਅਨ ਟਾਈਮਜ਼' ਨੇ ਵੀ ਇਸ ਨਾਟਕ ਨੂੰ ਆਪਣੇ ਲੋਕ-ਪ੍ਰਿਯ ਪਰਚੇ ਵਿਚ ਛਾਪਿਆ ਹੈ। ਮੈਂ ਉਹਨਾਂ ਦਾ ਵੀ ਹਾਰਦਿਕ ਧੰਨਵਾਦੀ ਹਾਂ।

'ਸੋਭਾ ਸ਼ਕਤੀ' ਦੇ ਨਿਰਦੇਸ਼ਕ ਹਰਬਖਸ਼ ਸਿੰਘ ਲਾਟਾ ਦੇ ਚੰਗੇ ਸੁਝਾਵਾਂ ਲਈ ਅਤੇ ਡਾ. ਬਲਜਿੰਦਰ ਸਿੰਘ, ਸ. ਪਿਆਰਾ ਸਿੰਘ, ਪ੍ਰੋ: ਜਸਵੰਤ ਸਿੰਘ ਜਸ, ਅਤੇ ਨੌਰੰਗਾਬਾਦ ਦੀ ਸਮੂਹ ਸੰਗਤ ਦਾ ਧੰਨਵਾਦ ਕਰਨਾ ਵੀ ਮੈਂ ਜ਼ਰੂਰੀ ਸਮਝਦਾ ਹਾਂ।

ਸੁੰਦਰ ਤੇ ਸੁਚੱਜੀਆਂ ਪੁਸਤਕਾਂ ਪ੍ਰਕਾਸ਼ਿਤ ਕਰਨ ਵਾਲੇ ਸਿਦਕੀ 'ਸਿੰਘ ਬ੍ਰਦਰਜ਼' ਤਾਂ ਮੇਰੇ ਧੰਨਵਾਦ ਦੇ ਉਚੇਚੇ ਪਾਤਰ ਹਨ। ਵਰਤਮਾਨ ਸੰਚਾਲਕ ਸ. ਸਤਨਾਮ ਸਿੰਘ ਦੇ ਮਾਨਯੋਗ ਸੰਤ-ਸਰੂਪ ਪਿਤਾ ਸ. ਸੇਵਾ ਸਿੰਘ ਨੇ ਸਾਡੇ ਮਿੱਤਰਾਂ ਦੀ ਢਾਣੀ (ਪਾਲ ਸਿੰਘ, ਸੁਜਾਨ ਸਿੰਘ, ਈਸ਼ਵਰ ਚਿਤ੍ਰਕਾਰ, ਪ੍ਰੀਤਮ ਸਿੰਘ ਸਫ਼ੀਰ ਤੇ ਹਰਚਰਨ ਸਿੰਘ) ਦੀ ਪ੍ਰੇਰਣਾ ਨਾਲ ਲਾਹੌਰ ਦੇ ਜਗਤ ਪ੍ਰਸਿੱਧ ਬਜ਼ਾਰ ਅਨਾਰਕਲੀ ਦੇ ਇਕ ਕੋਨੇ ਵਿਚ ਨਿਕੜੀ ਜਿਹੀ ਕਿਤਾਬਾਂ ਦੀ ਦੁਕਾਨ 1940 ਵਿਚ ਖੋਲ੍ਹੀ ਸੀ। 1939 ਵਿਚ ਸਥਾਪਿਤ ਕੀਤਾ ਸਾਡਾ ਮਾਡਲ ਪੰਜਾਬੀ ਕਾਲਜ ਉਦੋਂ ਤਕ ਚੰਗਾ ਚਲ ਪਿਆ ਸੀ। ਇਸ ਵਾਸਤੇ ਅਸੀਂ ਸ਼ੁਰੂ ਸ਼ੁਰੂ ਵਿਚ ਦੁਕਾਨ ਨੂੰ ਕੁਝ ਸਹਾਰਾ ਦੇਣ ਦੇ ਯੋਗ ਹੋ ਗਏ ਸਾਂ। ਉਂਜ ਵੀ ਲਾਹੌਰ ਵਿਚ ਖ਼ਾਲਸਾ ਕਾਲਜ ਫਾਰ ਵਿਮੈਨ (ਜਿੱਥੇ ਮੈਂ ਪੜ੍ਹਾਂਦਾ ਸੀ), ਸਿਖ ਨੈਸ਼ਨਲ ਕਾਲਜ ਅਤੇ ਦੂਜੇ ਸੰਸਾਰ ਯੁਧ ਵਿਚ ਜੂਝਦੇ ਫ਼ੌਜੀ ਜਵਾਨਾਂ ਲਈ ਪੰਜਾਬੀ ਪੁਸਤਕਾਂ ਦੀ ਲੋੜ ਕਾਰਨ ਪੰਜਾਬੀ ਪੁਸਤਕਾਂ ਦੀ ਚੰਗੀ ਮੰਗ ਸ਼ੁਰੂ ਹੋ ਗਈ ਸੀ।

**ਹਰਚਰਨ ਸਿੰਘ**



## ਅੰਕ ਪਹਿਲਾ

ਸਥਾਨ : ਡੇਰਾ ਨੌਰੰਗਾਬਾਦ, ਸਤਲੁਜ ਦੇ ਸੱਜੇ ਕੰਢੇ।

ਸਮਾਂ : 10 ਫ਼ਰਵਰੀ, 1846

ਵਕਤ : ਡੂੰਘੀ ਸ਼ਾਮ।

ਪਰਦਾ ਬਹੁਤ ਹੌਲੀ-ਹੌਲੀ ਉਠਦਾ ਹੈ। ਪਿਛੋਕੜ ਤੋਂ ਗਾਣੇ ਦੀ ਆਵਾਜ਼ :

ਉੱਧਰ ਆਪ ਫ਼ਰੰਗੀ ਨੂੰ ਭਾਂਜ ਆਈ
ਦੌੜੇ ਜਾਣ ਗੋਰੇ ਦਿੱਤੀ ਕੰਡ ਮੀਆਂ
ਚੱਲੇ ਤੋਪਖ਼ਾਨੇ ਸਾਰੇ ਗੋਰਿਆਂ ਦੇ
ਮਗਰ ਹੋਈ ਬੰਦੂਕਾਂ ਦੀ ਫੰਡ ਮੀਆਂ...
ਪਹਾੜਾ ਸਿੰਘ ਸੀ ਯਾਰ ਫ਼ਰੰਗੀਆਂ ਦਾ
ਸਿੰਘਾਂ ਨਾਲ ਸੀ ਓਸ ਦੀ ਗ਼ੈਰਸਾਲੀ
ਉਹ ਤਾਂ ਭੱਜ ਕੇ ਲਾਟ ਨੂੰ ਜਾਏ ਮਿਲਿਆ
ਗੱਲ ਜਾਇ ਦੱਸੀ ਸਾਰੀ ਭੇਤ ਵਾਲੀ
ਉਥੋਂ ਹੋ ਗਿਆ ਹਰਨ ਹੈ ਖ਼ਾਲਸਾ ਜੀ
ਚੌਹਾਂ ਹੱਥਾਂ ਦੀ ਮਾਰ ਕੇ ਮਿਰਗਛਾਲੀ
ਸ਼ਾਹ ਮੁਹੰਮਦਾ ਸਾਂਭ ਲੈ ਸਿਲੇਖ਼ਾਨੇ
ਛੱਡ ਗਏ ਨੇ ਸਿੰਘ ਮੈਦਾਨ ਖ਼ਾਲੀ।

ਪਰਦਾ ਪੂਰੀ ਤਰ੍ਹਾਂ ਉਠਦਾ ਹੈ। ਡੇਰੇ ਅੰਦਰੋਂ ਸ਼ਾਮ ਦੇ ਕੀਰਤਨ ਦੀ ਧੁਨੀ ਸੁਣਾਈ ਦਿੰਦੀ ਹੈ। ਦੂਰੋਂ ਤੇਜ਼ ਆ ਰਹੇ ਘੋੜੇ ਦੇ ਪੌੜਾਂ ਦੀ ਆਵਾਜ਼ ਆ ਰਹੀ ਹੈ। ਡੇਰੇ ਦੇ ਆਗੂ ਭਾਈ ਮਹਾਰਾਜ ਸਿੰਘ ਪੂਰਨ ਗੁਰਸਿੱਖ ਦੇ ਰੂਪ (ਦੁੱਧ ਚਿੱਟੇ ਬਸਤ੍ਰਾਂ 'ਚ) ਵਿਚ ਅੰਦਰੋਂ ਮੁਖ ਦਵਾਰ ਵੱਲ ਆਉਂਦੇ ਦਿਖਾਈ ਦਿੰਦੇ ਹਨ। ਇਕ ਸੇਵਾਦਾਰ ਉਹਨਾਂ ਦੇ ਪਿੱਛੇ-ਪਿੱਛੇ ਹੈ।

ਮਹਾਰਾਜ : ਨਿਧਾਨ ਸਿਆਂ, ਅੱਗੇ ਹੋ ਕੇ ਝਾਤੀ ਮਾਰ। ਵੇਖ ਐਨਾ ਤੇਜ਼ ਘੋੜ ਸਵਾਰ ਕੌਣ ਆ ਰਿਹਾ ਹੈ ?

ਸੇਵਾਦਾਰ : ਸਤ ਬਚਨ, ਬਾਬਾ ਜੀ।

[ਸੇਵਾਦਾਰ ਦਰਵਾਜ਼ੇ ਤੋਂ ਬਾਹਰ ਜਾਂਦਾ ਹੈ। ਮਹਾਰਾਜ ਸਿੰਘ ਮੂੰਹ ਵਿਚ ਨਾਮ ਸਿਮਰਨ ਕਰਦਾ ਹੈ।]

ਸੇਵਾਦਾਰ : ਬਾਬਾ ਜੀ, ਕੋਈ ਘੋੜ ਸਵਾਰ ਐ।

ਮਹਾਰਾਜ : (ਮੁਸਕਰਾ ਕੇ) ਗੁਰਮੁਖਾ, ਇਹ ਤਾਂ ਵਿੜਕ ਤੋਂ ਹੀ ਪਤਾ ਲੱਗ ਗਿਆ ਸੀ। ਕੀ ਸਵਾਰ ਫ਼ੌਜੀ ਵਰਦੀ ਵਿਚ ਹੈ ?

ਸੇਵ ਦਾਰ : ਜੀ ਹਾਂ।

ਮਹਾਰਾਜ : ਫੇਰ ਸ਼ਾਇਦ ਸਿੱਧਾ ਸਭਰਾਵਾਂ ਦੀ ਲੜਾਈ 'ਚੋਂ ਆ ਰਿਹਾ ਹੋਵੇ।

ਸੇਵਾਦਾਰ : ਬਾਬਾ ਜੀ, ਕੋਈ ਦੁਸ਼ਮਣ ਨਾ ਹੋਵੇ।

ਮਹਾਰਾਜ : ਗੁਰਮੁਖਾ, ਨੌਰੰਗਾਬਾਦ ਦਾ ਡੇਰਾ ਗੁਰੂ ਦਾ ਘਰ ਹੈ, ਇਸ ਨਾਲ ਸਵਾਏ ਡੋਗਰਿਆਂ ਦੇ ਹੋਰ ਕਿਸੇ ਨੂੰ ਕੋਈ ਵੈਰ ਵਿਰੋਧ ਨਹੀਂ।

ਸੇਵਾਦਾਰ : ਬਾਬਾ ਜੀ, ਹੋ ਸਕਦੈ ਕੋਈ ਖ਼ੁਸ਼ੀ ਦੀ ਖ਼ਬਰ ਲਿਆ ਰਿਹਾ ਹੋਵੇ।

ਮਹਾਰਾਜ : ਨਿਧਾਨ ਸਿਆਂ, ਜਿੱਥੇ ਸ਼ੇਰਾਂ ਦੀ ਫ਼ੌਜ ਦੇ ਗਿੱਦੜ ਜਰਨੈਲ ਹੋਣ, ਉਥੇ ਜਿੱਤ ਦੀ ਆਸ ਰੱਖਣੀ ਮੱਸਿਆ ਦੀ ਰਾਤ ਨੂੰ ਚੰਨ ਵੇਖਣ ਬਰਾਬਰ ਹੈ।

ਸੇਵਾਦਾਰ : ਜੀ, ਠੀਕ ਫ਼ਰਮਾ ਰਹੇ ਓ।

ਮਹਾਰਾਜ : ਕੀ ਸਵਾਰ ਚੜ੍ਹਦੀ ਕਲਾ ਵਿਚ ਦਿਸ ਰਿਹੈ ?

ਸੇਵਾਦਾਰ : (ਬਾਹਰ ਵੱਲ ਦੇਖਦਾ ਹੋਇਆ) ਜੀ ਨਹੀਂ, ਢਹਿੰਦੀ ਕਲਾ 'ਚ ਐ। ਬਾਹਲਾ ਘਬਰਾਇਆ ਹੋਇਆ ਲੱਗਦੈ। (ਘੋੜੇ ਦੇ ਹਿਣਕਣ ਦੀ ਗਰਜ)।

ਮਹਾਰਾਜ : ਸਵਾਰ ਘੋੜੇ ਤੋਂ ਉੱਤਰ ਗਿਆ ਲੱਗਦੈ।

ਸੇਵਾਦਾਰ : ਜੀ ਹਾਂ, ਸਿਰ ਸੁੱਟੀ ਆ ਰਿਹੈ।

ਮਹਾਰਾਜ : ਜਾਹ, ਉਸ ਨੂੰ ਅੰਦਰ ਲੈ ਆ। (ਅਪਣੇ ਆਪ) ਗੁਰੂ ਮਾਰ ਫ਼ੌਜ ਦਾ ਕੋਈ ਸਹਾਈ ਨਹੀਂ ਹੋ ਸਕਦਾ। ਇਨ੍ਹਾਂ ਨੇ ਬੁਰਛਾਗਰਦੀ ਦੀ ਹੱਦ ਕਰ ਦਿੱਤੀ ਸੀ। ਮੂਰਖਾਂ ਨੂੰ ਪੰਜਾਬ ਨਾਲੋਂ ਨਿੱਜੀ ਹਿੱਤ ਪਿਆਰੇ ਹੋ ਗਏ ਸਨ। ਚੌਧਰ ਪਿੱਛੇ ਵੱਖ-ਵੱਖ ਦਲ ਬਣਾ ਕੇ ਇਕ ਦੂਜੇ ਦੀਆਂ ਜੜ੍ਹਾਂ ਕੱਟਣ ਲੱਗੇ ਹੋਏ ਸਨ।

[ਘੋੜ ਸਵਾਰ ਆਉਂਦਾ ਹੈ। ਹੱਥ ਜੋੜ ਕੇ ਨੀਵੀਂ ਪਾ ਕੇ ਖੜ੍ਹੋ ਜਾਂਦਾ ਹੈ।]

ਮਹਾਰਾਜ : ਜੁਆਨਾਂ, ਸੁਣਾ ਸਭਰਾਵਾਂ ਦੀ ਲੜਾਈ ਦਾ ਕੀ ਬਣਿਆਂ ?

ਸਵਾਰ : ਬਾਬਾ ਜੀ, ਮੂੰਹੋਂ ਗੱਲ ਕੱਢਦਿਆਂ ਸੀਨਾ ਫਟਦੈ।



ਮਹਾਰਾਜ : ਸੂਰਮੇ ਕਦੇ ਦਿਲ ਨਹੀਂ ਛੱਡਦੇ। ਬੋਲ ਕੌਣ ਜਿਤਿਆ ?

ਸਵਾਰ : ਅਸੀਂ ਜਿੱਤੀ ਹੋਈ ਬਾਜ਼ੀ ਹਾਰ ਗਏ ਆਂ।

ਮਹਾਰਾਜ : ਫੇਰ ਤੂੰ ਕਿਉਂ ਜੀਉਂਦਾ ਬਚ ਕੇ ਆ ਗਿਆ ? ਲੜਾਈ ਵਿਚ ਸਿੰਘ ਜਾਂ ਜਿੱਤ ਪ੍ਰਾਪਤ ਕਰਦਾ ਹੈ ਜਾਂ ਸ਼ਹੀਦ ਹੁੰਦਾ ਹੈ।

ਸਵਾਰ : ਖ਼ਾਲਸਾ ਫ਼ੌਜ ਦੇ ਪੈਰ ਉਖੜਨ ਤੇ ਧੋਖੇਬਾਜ਼ ਤੇਜ ਸਿੰਘ ਨੇ ਬੇੜੀਆਂ ਦਾ ਪੁਲ ਤੁੜਵਾ ਦਿੱਤਾ ਸੀ।

ਮਹਾਰਾਜ : ਹੂੰ ! ਜਦੋਂ ਸਭ ਨੂੰ ਪਹਿਲੋਂ ਪਤਾ ਸੀ ਕਿ ਤੇਜ ਸਿੰਘ ਤੇ ਲਾਲ ਸਿੰਘ ਅੰਦਰੋਂ ਫ਼ਰੰਗੀਆਂ ਨਾਲ ਰਲੇ ਹੋਏ ਨੇ, ਫੇਰ ਉਹਨਾਂ ਤੇ ਇਤਬਾਰ ਕਿਉਂ ਕੀਤਾ ?

ਸਵਾਰ : ਬਾਬਾ ਜੀ, ਇਹ ਤਾਂ ਫ਼ੌਜੀ ਪੰਚਾਂ ਨੂੰ ਪਤਾ ਹਊ ਜਾਂ ਮਹਾਰਾਣੀ ਨੂੰ (ਰੋਂਦਾ ਹੈ)।

ਮਹਾਰਾਜ : ਸੱਜਣਾ, ਤੇਰਾ ਰੋਣਾ ਧੋਣਾ ਸਾਡੇ ਉਤੇ ਕੋਈ ਅਸਰ ਨਹੀਂ ਪਾ ਰਿਹਾ। ਮੈਦਾਨ 'ਚੋਂ ਪਿਠ ਵਿਖਾ ਕੇ ਆਉਣ ਵਾਲੇ ਸਿਪਾਹੀ ਲਈ ਡੇਰੇ ਵਿਚ ਕੋਈ ਥਾਂ ਨਹੀਂ।

ਸਵਾਰ : ਬਾਬਾ ਜੀ, ਮੈਂ ਲੜਨ ਮਰਨ ਲਈ ਤਿਆਰ ਸੀ।

ਮਹਾਰਾਜ : ਫੇਰ ਜੰਗ ਦੇ ਮੈਦਾਨ ਵਿਚ ਸ਼ਹੀਦ ਕਿਉਂ ਨਾ ਹੋਇਆ।

ਸਵਾਰ : ਮੈਨੂੰ ਪਾਰ ਜਾਣ ਦਾ ਮੌਕਾ ਨਹੀਂ ਮਿਲਿਆ।

ਮਹਾਰਾਜ : ਤੂੰ ਕਿਸ ਦਾ ਪੁੱਤਰ ਹੈਂ ?

ਸਵਾਰ : ਜਾਗੀਰਦਾਰ ਅੱਛਰ ਸਿੰਘ ਦਾ।

ਮਹਾਰਾਜ : ਹੂੰ ! ਤਾਹੀਓਂ, ਇਨ੍ਹਾਂ ਜਾਗੀਰਦਾਰਾਂ, ਡੋਗਰਿਆਂ ਤੇ ਮਿਸਰਾਂ ਦੀ ਢਾਣੀ ਨੇ ਰਲ ਕੇ ਖ਼ਾਲਸਾ ਰਾਜ ਨੂੰ ਤਬਾਹ ਕੀਤਾ ਹੈ। ਤੁਸੀਂ ਲੋਕ ਰਹਿਮ ਦੇ ਕਾਬਲ ਨਹੀਂ। ਬੁਜ਼ਦਿਲ ਤੇ ਨਮਕ ਹਰਾਮ ਹੋ।

ਸਵਾਰ : ਬਾਬਾ ਜੀ, ਮੇਰੇ ਲਈ ਕੀ ਹੁਕਮ ਹੈ ?

ਮਹਾਰਾਜ : ਤੂੰ ਵਾਪਸ ਜਾਹ। ਸ਼ਹੀਦਾਂ ਅਤੇ ਫੱਟੜਾਂ ਨੂੰ ਸੰਭਾਲ।

ਸਵਾਰ : ਪਰ ਜੀ, ਫ਼ਰੰਗੀ ਫ਼ੌਜ ਤਾਂ ਲਾਹੌਰ ਵੱਲ ਕੂਚ ਕਰ ਗਈ ਹੈ।

ਮਹਾਰਾਜ : ਹੈਂ ! ਕੂਚ ਕਰ ਗਈ ਹੈ !! ਕੀ ਗੱਲ ਇਥੋਂ ਤਕ ਪੁੱਜ ਗਈ !!!

[ਗੰਭੀਰ ਸੋਚਾਂ ਵਿਚ ਡੁੱਬ ਜਾਂਦਾ ਹੈ।]

ਸਵਾਰ : ਜੀ ਹਾਂ। ਮੈਨੂੰ ਕੋਈ ਹੋਰ ਸਜ਼ਾ ਦੇ ਦਿਉ।

ਮਹਾਰਾਜ : (ਸੋਚ ਕੇ) ਹੂੰ ਅੱਛਾ, ਹਾਲ ਦੀ ਘੜੀ ਤੂੰ ਵਰਦੀ ਉਤਾਰ ਤੇ ਲੰਗਰ ਦੀ ਸੇਵਾ ਕਰ।

ਸੇਵਾਦਾਰ : ਬਾਬਾ ਜੀ, ਜਾਇਓ ਨਾ। ਇਕ ਹੋਰ ਫੱਟੜ ਸਿਪਾਹੀ ਆ ਰਿਹੈ।

[ਇਕ ਲਹੂ ਲੁਹਾਨ ਸਿਖ ਸਿਪਾਹੀ ਮੁਸ਼ਕਲ ਨਾਲ ਤੁਰਦਾ ਅੱਗੇ ਆਉਂਦਾ ਹੈ ।]

ਮਹਾਰਾਜ : (ਪਛਾਣ ਕੇ) ਓਹੋ ! ਇਹ ਤਾਂ ਲਾਂਗਰੀ ਚੰਦਾ ਸਿੰਘ ਦਾ ਛੋਕਰੇ ।

[ਸਿਪਾਹੀ ਦੋਵੇਂ ਹੱਥ ਜੋੜ ਕੇ ਅਦਬ ਨਾਲ ਝੁਕਦਾ ਫ਼ਤਿਹ ਬੁਲਾਂਦਾ ਹੈ ।]

ਮਹਾਰਾਜ : ਵਾਹਿਗੁਰੂ ਜੀ ਕੀ ਫ਼ਤਿਹ । ਸੁਣਾ ਪਈ ਜੁਆਨਾ, ਤੂੰ ਕਿੱਦਾਂ ਬਚ ਕੇ ਆ ਗਿਐਂ ?

ਪੈਦਲ : ਇਕ ਘੋੜ ਸਵਾਰ ਲੱਦ ਕੇ ਲਿਆਇਐ ।

ਮਹਾਰਾਜ : ਕਿਸ ਵਾਸਤੇ ?

ਪੈਦਲ : ਤਾਂ ਜੋ ਰਾਜ਼ੀ ਹੋ ਕੇ ਅਗਲੀ ਲੜਾਈ ਲਈ ਤਿਆਰ ਹੋ ਸਕਾਂ ।

ਮਹਾਰਾਜ : ਸ਼ਾਬਾਸ਼ ! ਤੂੰ ਡੇਰੇ ਦੀ ਲਾਜ ਰੱਖੀ ਹੈ । (ਸੇਵਾਦਾਰ ਨੂੰ) ਇਹਨੂੰ ਅੰਦਰ ਲੈ ਜਾਓ, ਗਰਮ ਪਾਣੀ ਨਾਲ ਅਸ਼ਨਾਨ ਕਰਾਉ ਔਰ ਮਲ੍ਹਮ ਪੱਟੀ ਕਰੋ ।

ਪੈਦਲ : ਪਹਿਲਾਂ ਮੇਰੀ ਅਰਜ਼ ਸੁਣ ਲਵੋ ।

ਮਹਾਰਾਜ : ਉਹ ਵੀ ਸੁਣਦੇ ਆਂ । ਪਹਿਲਾਂ ਜੰਗ ਦਾ ਅੱਖੀਂ ਡਿੱਠਾ ਹਾਲ ਦੱਸ ।

ਪੈਦਲ : ਬਾਬਾ ਜੀ, ਮੂਜ਼ੀ ਤੇਜ ਸਿੰਘ ਫ਼ੌਜ ਨੂੰ ਤੋਪਾਂ ਦੇ ਮੂੰਹ ਛੱਡ ਕੇ ਆਪ ਤਾਂ ਭੱਜ ਗਿਆ ਪਰ ਅਸੀਂ ਜਾਨ ਹੂਲ ਕੇ ਲੜੇ, ਗੋਰਿਆਂ ਦੇ ਛੱਕੇ ਛੁਡਾ ਦਿੱਤੇ । ਉਹ ਮੈਦਾਨ ਛੱਡ ਕੇ ਭੱਜ ਗਏ । ਪਤਾ ਨਹੀਂ ਧੋਖੇਬਾਜ਼ ਗ਼ੱਦਾਰਾਂ ਨੇ ਕੀ ਖੇਡ ਖੇਡੀ, ਗੋਰੇ ਮੁੜ ਕੇ ਸਾਡੇ ਕਮਜ਼ੋਰ ਪਾਸੇ ਵੱਲ ਵਾਰ ਕਰ ਗਏ । ਸਾਡੇ ਪੈਰ ਉਖੜ ਗਏ ।

ਮਹਾਰਾਜ : ਸ਼ਾਮ ਸਿੰਘ ਅਟਾਰੀ ਵਾਲੇ ਨੇ ਵੀ ਠੱਲ੍ਹ ਨਾ ਪਾਈ ?

ਪੈਦਲ : ਉਹ ਮਹਾਨ ਯੋਧਾ ਆਖ਼ਰੀ ਦਮ ਤਕ ਲੜਦਾ ਲੜਦਾ ਸ਼ਹੀਦ ਹੋ ਗਿਆ। ਫ਼ਰੰਗੀ ਜਰਨੈਲ ਵੀ ਉਸ ਦੀ ਸੂਰਬੀਰਤਾ ਤੇ ਦੰਗ ਰਹਿ ਗਏ ।

ਮਹਾਰਾਜ : ਤੈਨੂੰ ਵੀ ਗੁਰਮੁਖਾ ਮੈਦਾਨੇ-ਜੰਗ ਵਿਚ ਸ਼ਹੀਦ ਹੋਣਾ ਚਾਹੀਦਾ ਸੀ ।

ਪੈਦਲ : ਮੈਨੂੰ ਫ਼ੌਜੀਆਂ ਨੇ ਬਚਾ ਕੇ ਉਚੇਚਾ ਤੁਹਾਡੇ ਪਾਸ ਭੇਜਿਆ ਏ ।

ਮਹਾਰਾਜ : ਕਿਸ ਮਤਲਬ ਲਈ ?

ਪੈਦਲ : ਪੰਜਾਬ ਤੇ ਪੰਥ ਦੀ ਅਗਵਾਈ ਲਈ । ਅਗਲੀ ਕਾਰਵਾਈ ਲਈ ।

ਮਹਾਰਾਜ : (ਹਿਰਖ ਤੇ ਤਲਖੀ ਦੇ ਰਉਂ ਵਿਚ) ਹੁਣ ਫ਼ੌਜੀ ਪੰਚਾਂ ਨੂੰ ਨੌਰੰਗਾਬਾਦ ਦੇ ਡੇਰੇ ਦਾ ਖ਼ਿਆਲ ਆਇਐ । ਉਹਨਾਂ ਨੂੰ ਉਹ ਵਕਤ ਭੁੱਲ ਗਿਆ ਜਦੋਂ ਵਜ਼ੀਰੇ-ਆਜ਼ਮ ਹੀਰਾ ਸਿੰਘ ਦੇ ਹੁਕਮ ਨਾਲ ਡੇਰੇ ਨੂੰ ਤੋਪਾਂ ਨਾਲ ਉਡਾਇਆ ਸੀ । ਰੂਹਾਨੀ ਮਹਾਂਪੁਰਖ ਬਾਬਾ ਬੀਰ ਸਿੰਘ ਨੂੰ ਸਮਾਧੀ ਦੀ ਅਵਸਥਾ ਵਿਚ ਸ਼ਹੀਦ ਕੀਤਾ ਸੀ । ਡੇਰੇ ਦੇ 26000 ਸਿਰਲੱਥ ਯੋਧੇ ਅਤੇ ਘੋੜ ਸਵਾਰ ਖੁਰਦ ਬੁਰਦ



ਕਰ ਦਿੱਤੇ ਸਨ । ਸਾਰਾ ਅਸਲਾ ਲੁੱਟ ਲਿਆ ਸੀ । ਡੇਰਾ ਢਾਹ ਢੇਰੀ ਕਰ ਦਿੱਤਾ ਸੀ ।

ਪੈਦਲ : (ਪੈਰਾਂ ਤੇ ਢਹਿ ਕੇ) ਬਾਬਾ ਜੀ, ਇਸ ਔਖੀ ਘੜੀ ਤੁਹਾਡੇ ਵਰਗਾ ਨਿਸ਼ਕਾਮ ਧਰਮਾਤਮਾ ਹੀ ਪੰਜਾਬ ਦੀ ਪੈਜ ਰੱਖ ਸਕਦਾ ਹੈ ।

ਮਹਾਰਾਜ : ਇਨ੍ਹਾਂ ਕਮਅਕਲ ਫ਼ੌਜੀ ਪੰਚਾਂ ਨੇ ਡੇਰੇ ਦੇ ਹੱਥ ਵਸ ਕੁਝ ਨਹੀਂ ਰਹਿਣ ਦਿੱਤਾ । ਜੇਕਰ ਅੱਜ ਡੇਰੇ ਦੀ ਅਣਖੀ ਸਿਰਲੱਥ ਸੂਰਮਿਆਂ ਦੀ ਫ਼ੌਜ ਕਾਇਮ ਹੁੰਦੀ ਤਾਂ ਇਨ੍ਹਾਂ ਫ਼ਰੰਗੀਆਂ ਨੂੰ ਜਮਨਾ ਪਾਰ ਧੱਕ ਕੇ ਸਾਹ ਲੈਂਦੀ ।

ਪੈਦਲ : ਬਾਬਾ ਜੀ, ਇਸ ਵਕਤ ਕੇਵਲ ਤੁਸੀਂ ਹੀ ਪੰਥ ਦੀ ਵਾਗਡੋਰ ਸੰਭਾਲ ਸਕਦੇ ਹੋ । ਕੀ ਤੁਸੀਂ ਚਾਹੁੰਦੇ ਹੋ ਕਿ ਪੰਜਾਬ ਅਡੋਲ ਹੀ ਫ਼ਰੰਗੀਆਂ ਦੇ ਪੇਟੇ ਪੈ ਜਾਵੇ ।

ਮਹਾਰਾਜ : ਹਰਗਿਜ਼ ਨਹੀਂ ।

ਪੈਦਲ : ਫੇਰ ਪਿਛਲੀਆਂ ਭੁੱਲਾਂ ਬਖ਼ਸ਼ੋ । (ਮਹਾਰਾਜ ਸਿੰਘ ਨੂੰ ਗੰਭੀਰਤਾ ਦੀ ਹਾਲਤ ਵਿਚ ਦੇਖ ਕੇ) ਬਾਬਾ ਜੀ, ਆਮ ਫ਼ੌਜੀਆਂ ਦਾ ਕੋਈ ਕਸੂਰ ਨਹੀਂ । ਉਹ ਤਾਂ ਜਾਨ-ਮਾਲ ਦੀ ਪਰਵਾਹ ਨਾ ਕਰਦੇ ਹੋਏ ਆਖ਼ਰੀ ਦਮ ਤੀਕਰ ਲੜਦੇ ਰਹੇ । ਫ਼ਰੰਗੀਆਂ ਦੇ ਆਹੂ ਲਾਹ ਦਿੱਤੇ । ਫ਼ਰੰਗੀਆਂ ਨੇ ਯੁੱਧ-ਵਿਰਾਮ ਦੀਆਂ ਸਭ ਮਰਯਾਦਾਂ ਭੰਗ ਕਰ ਕੇ, ਦਰਿਆ ਪਾਰ ਕਰ ਰਹੇ ਸਾਡੇ ਹਜ਼ਾਰਾਂ ਸਿਪਾਹੀਆਂ ਨੂੰ ਤੋਪਾਂ ਨਾਲ ਉਡਾਇਆ । ਸ਼ਹੀਦਾਂ ਦੀਆਂ ਲਾਸ਼ਾਂ ਦੇਖ ਕੇ ਸਤਲੁਜ ਦਾ ਪਾਣੀ ਵੀ ਤ੍ਰਾਹ ਉਠਿਆ ।

ਮਹਾਰਾਜ : (ਡੂੰਘਾ ਸਾਹ ਲੈ ਕੇ) ਅੱਛਾ ਮੇਰੇ ਪੈਰ ਛੱਡ । ਨਵੇਂ ਹਾਲਾਤ ਨੂੰ ਮੁਖ ਰਖਦਿਆਂ ਖ਼ਾਲਸਾ ਦਰਬਾਰ ਵਿਰੁੱਧ ਮੈਂ ਆਪਣਾ ਗੁੱਸਾ-ਗਿਲਾ ਤਿਆਗ ਦਿੱਤਾ ਹੈ । ਮੈਨੂੰ ਕੁਝ ਦਿਨਾਂ ਦੀ ਮੋਹਲਤ ਚਾਹੀਦੀ ਹੈ ਸੋਚਣ ਵਿਚਾਰਨ ਲਈ ।

ਪੈਦਲ : ਬਾਬਾ ਜੀ, ਸੋਚਣ ਦਾ ਵਕਤ ਨਹੀਂ । ਇਕ ਪਲ ਦੀ ਢਿੱਲ ਵੀ ਹਾਨੀ-ਕਾਰਕ ਹੋ ਸਕਦੀ ਹੈ । ਮੁਖ ਮੰਤਰੀ ਗੁਲਾਬ ਸਿੰਘ ਫ਼ਰੰਗੀ ਫ਼ੌਜ ਨੂੰ ਉਂਗਲੀ ਲਾ ਕੇ ਲਾਹੌਰ ਵੱਲ ਲਿਜਾ ਰਿਹਾ ਹੈ ।

ਮਹਾਰਾਜ : ਹੈਂ ! ਸੱਚ ? ਗੱਲ ਇਥੋਂ ਤਕ ਪੁੱਜ ਗਈ ਹੈ । ਬੇੜਾ ਗ਼ਰਕ ਡੋਗਰੇ, ਤੇਜ ਸਿੰਘ ਤੇ ਲਾਲ ਸਿੰਘ ਦੀ ਜੁੰਡੀ ਦਾ ।

ਪੈਦਲ : ਬਾਬਾ ਜੀ, ਸਾਡੇ ਆਪਣੇ ਆਗੂ ਸਰਦਾਰਾਂ ਤੇ ਜਾਗੀਰਦਾਰਾਂ ਵੀ ਕਿਹੜੀ ਘੱਟ ਕੀਤੀ ਏ ।

ਮਹਾਰਾਜ : ਇਨ੍ਹਾਂ ਸਰਦਾਰਾਂ ਜਾਗੀਰਦਾਰਾਂ ਨੇ ਸਿੱਖੀ ਅਸੂਲ ਤਿਆਗ ਦਿੱਤੇ ਸਨ । ਐਸ਼ੋ-ਇਸ਼ਰਤ ਵਿਚ ਫਸ ਗਏ ਸਨ । ਸ਼ਰਾਬਾਂ ਪੀਣ ਤੇ ਕੰਜਰੀਆਂ ਨਚਾਣ

ਤੋਂ ਬਿਨਾਂ ਇਨ੍ਹਾਂ ਨੂੰ ਹੋਰ ਕੰਮ ਹੀ ਕੋਈ ਨਹੀਂ ਸੀ ਰਿਹਾ। ਇਹ ਮਨਮੁਖ ਲੜਨ ਜੋਗੇ ਨਹੀਂ ਰਹੇ। ਇਨ੍ਹਾਂ ਨੇ ਗੁਰੂ-ਆਸ਼ੇ ਛਿੱਕੇ ਤੇ ਟੰਗ ਦਿੱਤੇ ਨੇ। ਇਨ੍ਹਾਂ ਦੀ ਖ਼ਬਰ ਲਈ ਜਾਵੇਗੀ।

ਪੈਦਲ : ਬਾਬਾ ਜੀ, ਇਨ੍ਹਾਂ ਨੂੰ ਪਿਛੋਂ ਸੋਧਿਉ, ਪਹਿਲਾਂ ਗਲ ਪਈ ਬਲਾ ਨੂੰ ਫੌਰੀ ਟਾਲਣ ਦੀ ਕੋਸ਼ਿਸ਼ ਕਰੋ।

ਮਹਾਰਾਜ : ਅੱਛਾ, ਪੰਜਾਬ ਨੂੰ ਗੁਲਾਮੀ ਦੇ ਸ਼ਕੰਜੇ ਤੋਂ ਬਚਾਣ ਲਈ ਮੈਂ ਅੱਜ ਹੀ ਅਕਾਲ ਤਖ਼ਤ ਸਾਹਿਬ ਤੇ ਜਾਂਦਾ ਹਾਂ। ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨਾਂ ਦੀ ਧੂੜ ਮੱਥੇ ਲਾ ਕੇ ਫ਼ੈਸਲਾ ਕਰਾਂਗਾ। ਜਾਓ, ਮੇਰੀ ਚੀਨੀ ਕਬੂਤਰੀ ਫ਼ੌਰਨ ਤਿਆਰ ਕਰੋ। ਪਲ ਭਰ ਦੀ ਢਿੱਲ ਹੋਣੀ ਬਣ ਸਕਦੀ ਹੈ।

[ਪੈਦਲ ਡੇਰੇ ਵੱਲ ਜਾਂਦਾ ਹੈ।]



## ਅੰਕ ਦੂਜਾ

ਸਥਾਨ : ਡੇਰਾ ਨੌਰੰਗਾਬਾਦ

ਸਮਾਂ : ਪਹਿਲੇ ਅੰਕ ਤੋਂ ਕੁਝ ਦਿਨ ਬਾਅਦ

ਵਕਤ : ਸਵੇਰ ਦਾ

ਪਿਛੋਕੜ ਤੋਂ ਗਾਣੇ ਦੀ ਆਵਾਜ਼ :

ਰਾਜਾ ਗਿਆ ਗੁਲਾਬ ਸਿੰਘ ਆਪ ਚੱਲ ਕੇ
ਬਾਹੋਂ ਪਕੜ ਲਾਹੌਰ ਲਿਆਂਵਦਾ ਈ।
ਸਾਹਿਬ ਲੋਕ ਜੀ ਅਸਾਂ ਪਰ ਦਇਆ ਕਰਨੀ
ਉਹ ਤਾਂ ਆਪਣਾ ਕੰਮ ਬਣਾਂਵਦਾ ਈ।
ਦਿੱਤੇ ਕੱਢ ਮਲਵੱਈ ਦੁਆਬੀਏ ਜੀ
ਵਿਚੋਂ ਸਿੰਘਾਂ ਦੀ ਫ਼ੌਜ ਖਿਸਕਾਂਵਦਾ ਈ।
ਸ਼ਾਹ ਮੁਹੰਮਦਾ ਤਰਫ਼ ਪਹਾੜ ਲੈ ਕੇ
ਤੁਰੰਤ ਜੰਮੂ ਨੂੰ ਕੂਚ ਕਰਾਂਵਦਾ ਈ।

[ਭਾਈ ਮਹਾਰਾਜ ਸਿੰਘ ਫ਼ੌਜੀ ਵਰਦੀ ਵਿਚ ਨੌਰੰਗਾਬਾਦ ਡੇਰੇ ਦੇ ਮੁੱਖ ਦਰਵਾਜ਼ੇ ਤੋਂ ਬਾਹਰ ਵਿਦਾ ਹੋਣ ਲਈ ਤਿਆਰ ਖੜ੍ਹਾ ਹੈ। ਉਸ ਦਾ ਉਤਰ-ਅਧਿਕਾਰੀ ਬੀਰ ਸਿੰਘ ਖੁਰਦ, ਪੈਦਲ ਸਿਪਾਹੀ, ਸੇਵਾਦਾਰ ਆਦਿ ਭਰੀਆਂ ਅੱਖਾਂ ਨਾਲ ਹੱਥ ਜੋੜੀ ਖੜ੍ਹੇ ਹਨ।]

ਮਹਾਰਾਜ : ਗੁਰਮੁਖੋ, ਮਨ ਹੌਲੇ ਨਾ ਕਰੋ। ਬੇਅਰਥ ਜਜ਼ਬਾਤੀ ਹੰਝੂ ਨਾ ਵਗਾਓ। ਤੁਹਾਨੂੰ ਕੇਵਲ ਨੌਰੰਗਾਬਾਦ ਦਾ ਡੇਰਾ ਦਿਸ ਰਿਹਾ ਹੈ, ਪਰ ਮੈਨੂੰ ਪੰਜਾਬੀਆਂ ਹੱਥ ਗ਼ੁਲਾਮੀ ਦੀਆਂ ਜ਼ੰਜੀਰਾਂ ਨਜ਼ਰ ਆ ਰਹੀਆਂ ਨੇ।

ਪੈਦਲ : ਮਹਾਰਾਜ, ਗੁਸਤਾਖ਼ੀ ਮੁਆਫ਼, ਜਿੱਥੇ ਐਨੀ ਜ਼ੋਰਾਵਰ ਫ਼ੌਜ ਕੁਝ ਨਹੀਂ ਕਰ ਸਕੀ, ਉਥੇ ਖ਼ਾਲੀ ਹੱਥ ਤੁਸੀਂ ਕੀ ਕਰੋਗੇ ?

ਮਹਾਰਾਜ : ਬਰਖ਼ੁਰਦਾਰ, ਤੈਨੂੰ ਸਾਥੋਂ ਵੱਧ ਪਤਾ ਹੈ, ਇਸ ਜੰਗ ਵਿਚ ਖ਼ਾਲਸਾ ਫ਼ੌਜ

ਨਹੀਂ ਹਾਰੀ, ਗ਼ੱਦਾਰਾਂ ਦੀ ਜੁੰਡੀ ਨੇ ਧੋਖੇ ਨਾਲ ਸ਼ਿਕੱਸਤ ਦਾ ਐਲਾਨ ਕੀਤਾ ਹੈ।

ਪੈਦਲ : ਪਰ ਹਾਰ ਹੁਣ ਹਕੀਕਤ ਹੈ ਭਾਵੇਂ ਉਹ ਕਿਸੇ ਤਰ੍ਹਾਂ ਹੋਈ। ਫ਼ਰੰਗੀਆਂ ਨੇ ਲੜਾਈ ਵਿਚ ਸਭ ਕਮੀਨੇ ਹਥਿਆਰ ਵਰਤੇ, ਅੰਤ ਉਨ੍ਹਾਂ ਨੇ ਜਿੱਤ ਪ੍ਰਾਪਤ ਕੀਤੀ। ਤੁਹਾਡਾ ਕਥਨ ਬਿਲਕੁਲ ਠੀਕ ਹੈ, ਸਾਡੀ ਫ਼ੌਜ ਬਿਨਾਂ ਜਰਨੈਲ ਦੇ ਲੜੀ ਪਰ ਅਖ਼ੀਰ ਸਾਨੂੰ ਮਜਬੂਰਨ ਪਿੱਛੇ ਹਟਣਾ ਪਿਆ।

ਮਹਾਰਾਜ : ਗੁਰਮੁਖਾ, ਤੂੰ ਭੁਲਦੈਂ; ਸਰਦਾਰਾਂ, ਜਾਗੀਰਦਾਰਾਂ ਤੇ ਗ਼ੱਦਾਰਾਂ ਨੇ ਹਥਿਆਰ ਸੁੱਟੇ ਨੇ। ਸਾਡੇ ਫ਼ੌਜੀ ਸਿਪਾਹੀ ਨੇ ਹਾਰ ਨਹੀਂ ਮੰਨੀ। ਕੀ ਤੂੰ ਹਾਰ ਸਵੀਕਾਰ ਕਰ ਲਈ ਹੈ ?

ਪੈਦਲ : ਬਿਲਕੁਲ ਨਹੀਂ। ਮੇਰੇ ਕਹਿਣ ਦਾ ਭਾਵ ਹੈ, ਬਹਿ ਕੇ ਸੋਚ ਵਿਚਾਰ ਕੇ ਕਦਮ ਪੁੱਟੋ।

ਮਹਾਰਾਜ : ਕੀ ਤੁਸੀਂ ਚਾਹੁੰਦੇ ਹੋ ਕਿ ਸੋਮਨਾਥ ਦੇ ਪੁਜਾਰੀਆਂ ਵਾਂਗ ਮੈਂ ਵੀ ਡੇਰੇ ਅੰਦਰ ਹੱਥ ਜੋੜ ਕੇ ਬੈਠ ਜਾਵਾਂ, ਕਬੂਤਰ ਵਾਂਗ ਅੱਖਾਂ ਮੀਟ ਲਵਾਂ ।

ਬੀਰ ਸਿੰਘ : ਹਰਗਿਜ਼ ਨਹੀਂ, ਸਗੋਂ ਸਾਨੂੰ ਵੀ ਨਾਲ ਲੈ ਚੱਲੋ।

ਮਹਾਰਾਜ : ਵਕਤ ਆਉਣ ਤੇ ਤੁਹਾਨੂੰ ਸਭ ਨੂੰ ਮੈਦਾਨੇ-ਜੰਗ ਵਿਚ ਕੁਦਣਾ ਪਵੇਗਾ। ਸੱਜਣੋ, ਗੁਲਾਮੀ ਦੇ ਜੀਣ ਨਾਲੋਂ ਮਰਨਾ ਕਿਤੇ ਬਿਹਤਰ ਹੈ।

ਪੈਦਲ : ਜਿਵੇਂ ਤੁਸੀਂ ਫਰਮਾਇਐ, ਗੁਲਾਬ ਸਿੰਘ ਤਾਂ ਆਪਣੀ ਗ਼ੱਦਾਰੀ ਦਾ ਸਿਲਾ ਲੈ ਕੇ ਜੰਮੂ ਜਾ ਵੜਿਆ ਹੈ, 8 ਮੈਂਬਰੀ ਖ਼ਾਲਸਾ ਕੌਂਸਲ ਸ਼ੈਦ ਨਿਮਕ ਹਲਾਲੀ ਕਰੇ।

ਮਹਾਰਾਜ : ਗੁਰਮੁਖਾ, ਖ਼ਾਲਸਾ ਕੌਂਸਲ ਤਾਂ ਮਿੱਟੀ ਦੀ ਮਾਧੋ ਬਣਾ ਦਿੱਤੀ ਗਈ ਏ। ਇਸ ਵਕਤ ਸਾਰੀ ਤਾਕਤ ਰੈਜ਼ੀਡੈਂਟ ਹੈਨਰੀ ਲਾਰੰਸ ਦੇ ਹੱਥ ਵਿਚ ਹੈ।

ਪੈਦਲ : ਪਰ ਮਹਾਰਾਣੀ ਜਿੰਦਾਂ ਅਜੇ ਜ਼ਿੰਦਾ ਹੈ। ਉਹ ਬਹੁਤ ਹੁਸ਼ਿਆਰ ਔਰ ਦਲੇਰ ਔਰਤ ਹੈ।

ਮਹਾਰਾਜ : ਉਹ ਅੱਗੇ ਕੁਝ ਨਹੀਂ ਕਰ ਸਕੀ, ਹੁਣ ਉਹਦੇ ਹੱਥ ਵੱਸ ਕੀ ਰਹਿ ਗਿਆ ਏ। ਉਹਨੇ ਜ਼ਰਾ ਵੀ ਕੋਈ ਹਰਕਤ ਕੀਤੀ, ਅਗਲਿਆਂ ਜਕੜ ਕੇ ਕਿਲ੍ਹੇ ਦੀ ਕਾਲ ਕੋਠੜੀ ਵਿਚ ਬਿਠਾ ਦੇਣੀ ਏਂ।

ਪੈਦਲ : ਬਾਬਾ ਜੀ, ਕਿਤੇ ਮੈਨੂੰ ਗਲਤ ਨਾ ਸਮਝ ਲੈਣਾ। ਤੁਹਾਡੇ ਇਕ ਇਸ਼ਾਰੇ ਤੇ ਅਸੀਂ ਜਾਨਾਂ ਵਾਰਨ ਨੂੰ ਤਿਆਰ ਬੈਠੇ ਹਾਂ। ਮੇਰੇ ਕਹਿਣ ਦਾ ਭਾਵ ਸੀ ਕਿ ਕੁਝ ਦਿਨ ਫ਼ਰੰਗੀਆਂ ਦਾ ਰੰਗ-ਢੰਗ ਦੇਖ ਕੇ ਕਾਰਵਾਈ ਸ਼ੁਰੂ ਕਰਦੇ।

ਮਹਾਰਾਜ : ਹਰਗਿਜ਼ ਨਹੀਂ। ਜੇ ਮੈਂ ਝਟ ਪਟ ਪੰਜਾਬੀਆਂ ਨੂੰ ਲਾਮਬੰਦ ਨਾ ਕੀਤਾ ਤਾਂ



ਛੇਤੀ ਲਾਹੌਰ ਦੇ ਸ਼ਾਹੀ ਕਿਲ੍ਹੇ ਉੱਤੇ ਕੇਸਰੀ ਝੰਡੇ ਦੀ ਥਾਂ ਫ਼ਰੰਗੀਆਂ ਦਾ ਯੂਨੀਅਨ ਜੈਕ ਲਹਿਰਾਏਗਾ।

ਪੈਦਲ : ਬਾਬਾ ਜੀ, ਅਫਵਾਹ ਹੈ ਕਿ ਲਾਰੰਸ ਅੱਧਾ ਪੰਜਾਬੀ ਹੈ ਔਰ ਪੰਜਾਬ ਦਾ ਭਾਰੀ ਖ਼ੈਰ-ਖਾਹ ਹੈ।

ਮਹਾਰਾਜ : ਭੋਲੇ ਬੱਚੇ, ਵਿਚੋਂ ਸਭ ਫ਼ਰੰਗੀ ਇਕੋ ਜਿਹੇ ਨੇ। ਬਹੁਤੇ ਉਪਰੋਂ ਜ਼ੁਬਾਨ ਦੇ ਮਿੱਠੇ ਨੇ। ਤੁਹਾਨੂੰ ਅਜੇ ਪਤਾ ਨਹੀਂ ਲੱਗਾ ਕਿ ਕੁਲ ਤਾਕਤ ਰੈਜ਼ੀਡੈਂਟ ਦੇ ਹੱਥਾਂ ਵਿਚ ਜਾ ਚੁੱਕੀ ਹੈ। ਭੈਰੋਵਾਲ ਦੀ ਸੰਧੀ ਦੀਆਂ ਖ਼ਤਰਨਾਕ ਸ਼ਰਤਾਂ ਸ਼ਾਇਦ ਤੁਸੀਂ ਸਮਝੀਆਂ ਨਹੀਂ।

ਬੀਰ ਸਿੰਘ : ਗੁਰੂ ਜੀ, ਸਾਨੂੰ ਵੀ ਦਸ ਦਿਓ ਉਹ ਸ਼ਰਤਾਂ ਕੀ ਨੇ ?

ਮਹਾਰਾਜ : ਪਹਿਲੀ ਸ਼ਰਤ, ਸਤਲੁਜ ਬਿਆਸ ਵਿਚਕਾਰਲਾ ਕੁਲ ਮੈਦਾਨੀ ਤੇ ਪਹਾੜੀ ਇਲਾਕਾ ਕੰਪਨੀ ਦੇ ਪੇਟੇ ਪੈ ਗਿਆ ਹੈ।

ਪੈਦਲ : ਫੇਰ ਬਾਕੀ ਰਹਿ ਕੀ ਗਿਆ ?

ਮਹਾਰਾਜ : ਦੂਜੀ ਸ਼ਰਤ ਸੁਣੋ। ਜੰਮੂ ਕਸ਼ਮੀਰ ਦਾ ਇਲਾਕਾ ਗੁਲਾਬ ਸਿੰਘ ਨੂੰ ਗ਼ੱਦਾਰੀ ਬਦਲੇ ਨਿਗੂਣੀ ਰਕਮ ਵਿਚ ਦਾਨ ਵਜੋਂ ਦਿੱਤਾ ਗਿਆ ਹੈ।

ਪੈਦਲ : ਸੁਣਿਐ ਖ਼ਾਲਸਾ ਫ਼ੌਜ ਦੀ ਨਫ਼ਰੀ ਬਹੁਤ ਘਟਾ ਦਿੱਤੀ ਹੈ।

ਮਹਾਰਾਜ : ਕੁਲ 16000 ਰਹਿਣ ਦਿੱਤੀ ਏ। ਉਹ ਵੀ ਰਾਵੀਓਂ ਪਾਰ ਸ਼ਾਹਦਰੇ ਵਿਚ ਰਹੇਗੀ। ਸ਼ਹਿਰ ਅੰਦਰ ਦਾਖ਼ਲ ਹੋਣ ਲਈ ਆਗਿਆ ਪੱਤਰ ਲੈਣਾ ਪਵੇਗਾ।

ਪੈਦਲ : ਫੇਰ ਹੁਣ ਸਾਡੇ ਹੱਥ-ਵਸ ਕੀ ਰਹਿ ਗਿਆ।

ਮਹਾਰਾਜ : ਸਭ ਕੁਝ। ਨਿਰਾਸ ਹੋਣ ਦੀ ਲੋੜ ਨਹੀਂ। ਦਸਮੇਸ਼ ਪਿਤਾ ਦੀਆਂ ਕਰਨੀਆਂ ਨੂੰ ਧਿਆਨ ਵਿਚ ਰੱਖੋ ਅਤੇ ਹਰ ਹਾਲਤ ਵਿਚ ਚੜ੍ਹਦੀ ਕਲਾ ਵਿਚ ਰਹੋ।

ਬੀਰ ਸਿੰਘ : ਜੀ, ਤੁਹਾਡੇ ਕਹਿਣ ਅਨੁਸਾਰ ਸਾਰੀ ਰਾਜ ਸੱਤਾ ਫ਼ਰੰਗੀ ਦੇ ਹੱਥ ਵਿਚ ਚਲੀ ਗਈ ਹੈ। ਸੱਤਾ ਹੁਣ ਧਰਮ ਤੇ ਭਾਰੂ ਹੋ ਜਾਏਗੀ।

ਮਹਾਰਾਜ : ਇਹੋ ਤਾਂ ਡੂੰਘੀ ਚਿੰਤਾ ਵਾਲੀ ਗੱਲ ਹੈ।

ਬੀਰ ਸਿੰਘ : ਉਨ੍ਹਾਂ ਨੇ ਸਭ ਤੋਂ ਪਹਿਲਾਂ ਹਿੰਦੂ ਮੁਸਲਮਾਨਾਂ ਵਿਚ ਪਾੜਾ ਪਾਣਾ ਹੈ।

ਮਹਾਰਾਜ : ਇਹ ਤਾਂ ਦਿਸ ਹੀ ਰਿਹਾ ਹੈ। ਹਿੰਦੁਸਤਾਨ ਨੂੰ ਇਨ੍ਹਾਂ ਨੇ ਪਾੜੋ ਤੇ ਰਾਜ ਕਰੋ ਦੀ ਕੁਟਲ ਨੀਤੀ ਨਾਲ ਕਾਬੂ ਕੀਤਾ ਹੈ, ਹਿੰਦੁਸਤਾਨੀਆਂ ਨੂੰ ਇਕ ਦੂਜੇ ਨਾਲ ਲੜਾ ਕੇ ਆਪਣੇ ਪੈਰ ਜਮਾਏ ਨੇ। ਪਰ ਯਕੀਨ ਕਰੋ ਪੰਜਾਬੀ ਲੋਕ ਇਨ੍ਹਾਂ ਅੱਗੇ ਗੋਡੇ ਨਹੀਂ ਟੇਕਣਗੇ।

ਬੀਰ ਸਿੰਘ : ਸੱਚ ਹੈ, ਰਾਜ ਬਿਨਾਂ ਧਰਮ ਨਹੀਂ ਰਹਿ ਸਕਦਾ। ਲੋਕਾਂ ਨੇ ਧੜਾਧੜ ਇਸਾਈ ਬਣਨ ਲੱਗ ਜਾਣਾ ਹੈ। ਜਥਾ ਰਾਜਾ ਤਥਾ ਪਰਜਾ।

ਮਹਾਰਾਜ : ਭਾਈ ਬੀਰ ਸਿੰਘ, ਇਹ ਭੁਲੇਖਾ ਮਨੋਂ ਕੱਢ ਦਿਓ। ਸੰਸਾਰ ਅੰਦਰ ਸੱਤ ਪ੍ਰਬਲ ਸ਼ਕਤੀਆਂ ਹਨ।

ਬੀਰ ਸਿੰਘ : ਜੀ, ਉਹ ਕਿਹੜੀਆਂ ?

ਮਹਾਰਾਜ : ਧਨ, ਜੋਬਨ, ਹੁਸਨ, ਰਾਜ ਸੱਤਾ, ਕਰਮਾਤ, ਗਿਆਨ ਵਿਗਿਆਨ, ਮਗਰ ਸਤਵੀਂ ਰੂਹਾਨੀ ਸ਼ਕਤੀ ਉਨ੍ਹਾਂ ਸਭ ਤੋਂ ਜ਼ੋਰਦਾਰ ਹੈ ।

ਬੀਰ ਸਿੰਘ : ਗੁਰੂ ਜੀ, ਇਹ ਤਾਂ ਸਤ ਹੈ ।

ਪੈਦਲ : ਪਰ ਤੁਹਾਡੇ ਸਾਹਮਣੇ ਅਸੰਭਵ ਹਾਲਾਤ ਨੇ ।

ਮਹਾਰਾਜ : ਮੈਂ ਚੰਗੀ ਤਰ੍ਹਾਂ ਇਸ ਸਥਿਤੀ ਨੂੰ ਅਨੁਭਵ ਕਰਦਾ ਹਾਂ । ਖ਼ਾਲਸੇ ਦਾ ਧਰਮ ਅਸੰਭਵ ਨੂੰ ਸੰਭਵ ਬਨਾਣਾ ਹੈ । ਇਤਿਹਾਸ ਦਾ ਰੁਖ਼ ਬਦਲਣਾ ਹੈ । ਮੈਂ ਦਸਮੇਸ਼ ਪਿਤਾ ਦੇ ਉਕਰੇ ਰਾਹ ਤੇ ਚਲਾਂਗਾ । ਭਗਤੀ ਤੇ ਸ਼ਕਤੀ ਨੂੰ 'ਕੱਠਾ ਕਰਾਂਗਾ ।

ਬੀਰ ਸਿੰਘ : ਮੈਨੂੰ ਵੀ ਦੱਸ ਜਾਓ, ਮੇਰੇ ਜ਼ਿੰਮੇ ਕੀ-ਕੀ ਕੰਮ ਨੇ ?

ਮਹਾਰਾਜ : ਤੁਸੀਂ ਡੇਰੇ ਨੂੰ ਚੰਗੀ ਤਰ੍ਹਾਂ ਸੰਭਾਲੋ । (ਇਕ ਪਾਸੇ ਲਿਜਾ ਕੇ) ਸਿੰਘਾਂ ਨੂੰ ਤਿਆਰ-ਬਰ-ਤਿਆਰ ਕਰੋ, ਰਸਦ ਅਤੇ ਹਥਿਆਰ 'ਕੱਠੇ ਕਰੋ । ਦਿਲ ਦਾ ਭੇਤ ਕਿਸੇ ਨੂੰ ਨਾ ਦਿਓ । ਪੰਜਾਬੀਆਂ ਵਿਚ ਅਜੇ ਦੇਸ਼ ਭਗਤੀ ਦੀ ਭਾਵਨਾ ਨਹੀਂ ਜਾਗੀ ਵਰਨਾ ਮਹਾਰਾਜਾ ਦੀ ਮੌਤ ਤੋਂ ਐਨੀ ਛੇਤੀ ਬਾਅਦ ਪੰਜਾਬ ਦੀ ਇਹ ਦੁਰਦਸ਼ਾ ਨਾ ਹੁੰਦੀ । ਮਹਾਰਾਜਾ ਰਣਜੀਤ ਸਿੰਘ ਦਾ ਐਨਾ ਸ਼ਕਤੀ-ਸ਼ਾਲੀ ਰਾਜ ਰੇਤ ਦੇ ਮਹੱਲ ਵਾਂਗ ਇੱਕੋ ਝੱਖੜ ਨਾਲ ਢਹਿ ਢੇਰੀ ਨਾ ਹੁੰਦਾ । ਦਰਬਾਰ ਸਾਹਿਬ ਅੰਮ੍ਰਿਤਸਰ ਦੇ ਭ੍ਰਿਸ਼ਟ ਮਹੰਤ, ਫ਼ਰੰਗੀਆਂ ਦੀ ਜਿੱਤ ਤੇ ਆਤਸ਼ਬਾਜ਼ੀ ਨਾ ਚਲਾਉਂਦੇ । ਯਾਦ ਰੱਖੋ ਇਹ ਉਹੋ ਪਵਿੱਤਰ ਡੇਰਾ ਹੈ ਜਿਸ ਦੀ ਰੂਹਾਨੀ ਉਚਤਾ ਨੂੰ ਬਾਬਾ ਬੀਰ ਸਿੰਘ ਨੇ ਅਰਸ਼ਾਂ 'ਤੇ ਪਹੁੰਚਾਇਆ ਸੀ । ਉਨ੍ਹਾਂ ਦੀ ਸ਼ਹਾਦਤ ਪਿਛੋਂ ਸੰਗਤਾਂ ਨੇ ਇਹ ਭਾਰ ਮੇਰੇ ਸਿਰ ਪਾ ਦਿੱਤਾ ਸੀ । ਮੈਂ ਇਹ ਜ਼ਿੰਮੇਵਾਰੀ ਤੁਹਾਨੂੰ ਸੌਂਪ ਕੇ ਜਾ ਰਿਹਾ ਹਾਂ ।

[ਬੀਰ ਸਿੰਘ ਸਿਰ ਝੁਕਾਂਦਾ ਹੈ ।]

ਮੇਰੇ ਵਿਦਾ ਹੋਣ ਦਾ ਵਕਤ ਆ ਗਿਆ ਹੈ । ਮੈਂ ਵੀ ਸ਼ਾਮ ਸਿੰਘ ਅਟਾਰੀ ਵਾਂਗ ਡੇਰੇ ਤੋਂ ਅਰਦਾਸ ਕਰ ਕੇ ਵਿਦਾ ਹੋਣਾ ਚਾਹੁੰਦਾ ਹਾਂ । ਆਓ ਮੇਰੇ ਨਾਲ ਅਰਦਾਸ ਵਿਚ ਸ਼ਾਮਲ ਹੋਵੋ ।

[ਕੁਝ ਚਿਰ ਮੂੰਹ ਵਿਚ ਗੁਣ ਗੁਨਾਣ ਪਿੱਛੋਂ]

ਮੈਂ ਗੁਰੂ ਮਹਾਰਾਜ ਨੂੰ ਹਾਜ਼ਰ ਨਾਜ਼ਰ ਸਮਝ ਕੇ ਨਿਮਰਤਾ ਸਹਿਤ ਅਰ-ਦਾਸ ਕਰਦਾ ਹਾਂ ਕਿ ਮੈਂ ਆਪਣੀ ਸਾਰੀ ਰੂਹਾਨੀ ਤੇ ਜਿਸਮਾਨੀ ਸ਼ਕਤੀ ਫ਼ਰੰਗੀਆਂ ਨੂੰ ਪੰਜਾਬੋਂ ਕੱਢਣ ਲਈ ਲਾਵਾਂਗਾ । ਗੁਰੂ ਦੀ ਬਖ਼ਸ਼ੀ ਇਹ ਕਿਰਪਾਨ ਅਤੇ ਕੌਮੀ ਨਿਸ਼ਾਨ ਨੂੰ ਆਖ਼ਰੀ ਦਮ ਤੱਕ ਝੁਲਾਈ ਰੱਖਾਂਗਾ । ਜਿੱਤ ਦੀ ਸੂਰਤ ਵਿਚ ਹੀ ਡੇਰੇ ਵਾਪਸ ਆਵਾਂਗਾ ।



[ਤਲਵਾਰ ਨੂੰ ਚੁੰਮ ਕੇ ਉੱਚੀ ਕਰਦਿਆਂ]

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਆਪਨੀ ਜੀਤ ਕਰੋਂ ॥
ਅਰੁ ਸਿੱਖ ਹੋ ਆਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਧਾਨ ਬਨੈ,
ਅਤ ਹੀ ਰਨ ਮੈਂ ਤਬ ਜੂਝ ਮਰੋਂ ॥

[ਮਹਾਰਾਜ ਸਿੰਘ ਛੇਤੀ ਛੇਤੀ ਜਾਂਦਾ ਹੈ, ਘੋੜੇ ਦੇ ਹਿਣਕਣ ਤੇ ਫੇਰ ਦੌੜੇ ਜਾਂਦੇ ਘੋੜੇ ਦੇ ਪੌੜ ਦੀ ਆਵਾਜ਼ ਸੁਣਾਈ ਦਿੰਦੀ ਹੈ ।]

## ਤੀਜਾ ਅੰਕ

ਸਥਾਨ : ਲਾਹੌਰ ਸ਼ਾਹੀ ਕਿਲ੍ਹਾ, ਰੈਜ਼ੀਡੈਂਟ ਦਾ ਦਫ਼ਤਰ

ਸਮਾਂ : 1848

ਵਕਤ : ਸ਼ਾਮ

ਪਿਛੋਕੜ ਤੋਂ :

ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ
ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ
ਖ਼ੁਦੀ ਆਪਣੀ ਨਾਲ ਮਹਾਸਤਾ ਈ
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰ ਕੇ
ਸ਼ਾਹੂਕਾਰ ਦਾ ਪੁੱਤ ਗੁਮਾਸਤਾ ਈ।

[ਰੈਜ਼ੀਡੈਂਟ ਦੇ ਦਫ਼ਤਰ ਵਿਚ ਪੰਜਾਬ ਦਾ ਨਕਸ਼ਾ ਲਟਕ ਰਿਹਾ ਹੈ। ਬਾਹਰ ਬੈਠਾ ਇਕ ਕੁਲੀ ਛੱਤ ਦਾ ਝਾਲਰਦਾਰ ਪੱਖਾ ਖਿੱਚ ਰਿਹਾ ਹੈ। ਇਕ ਵੱਡੇ ਸਾਰੇ ਮੇਜ਼ ਦੁਆਲੇ ਪੰਜ ਛੇ ਕੁਰਸੀਆਂ ਪਈਆਂ ਹਨ। ਰੈਜ਼ੀਡੈਂਟ ਦੀ ਕੁਰਸੀ ਖ਼ਾਲੀ ਹੈ। ਮੈਂਟਲਪੀਸ ਉੱਤੇ ਗਵਰਨਰ ਜਨਰਲ ਡਲਹੌਜ਼ੀ ਦੀ ਫੋਟੋ ਰੱਖੀ ਹੋਈ ਹੈ। ਫ਼ਰੈਡਰਿਕ ਕਿਊਰੀ ਦੇ ਦੋ ਸਲਾਹਕਾਰ ਈਲੀਅਟ ਅਤੇ ਐਡਵਰਡਜ਼ ਹੱਥਾਂ ਵਿਚ ਵਿਸਕੀ ਦੇ ਗਲਾਸ ਫੜੀ ਬੈਠੇ ਹਨ।]

ਈਲੀਅਟ : ਹਮ ਨੇ ਤੋ ਸਮਝਾ ਥਾ ਪੰਜਾਬ ਊਪਰ ਮੁਕੰਮਲ ਕਬਜ਼ਾ ਹੋ ਗਿਆ ਹੈ।

ਐਡਵਰਡਜ਼ : ਤੂੰ ਅਬੀ ਤੁਕ ਪੰਜਾਬੀਆਂ ਨੂੰ ਨਹੀਂ ਸਮਝਾ। ਇਹ ਲੋਗ ਬਹੁਤ ਜੰਗਜੂ ਔਰ ਪਰਾਊਡ ਹੈਂ। ਇਨ੍ਹਾਂ ਨੂੰ ਸਖ਼ਤੀ ਨਾਲ ਕਾਬੂ ਰੱਖਣਾ ਬਹੁਤ ਮੁਸ਼ਕਲ ਹੈ।



ਈਲੀਅਟ : ਮਗਰ ਬੜਾ ਬੜਾ ਸਰਦਾਰ, ਦੀਵਾਨ ਔਰ ਨਵਾਬ ਤੋ ਸਾਡਾ ਪਾਣੀ ਭਰਦੇ ਹੈਨ।

ਐਡਵਰਡਜ਼ : ਇਹ ਲੋਗ ਤੋ ਵੈਦਰ ਕੌਕ ਹੈਂ, ਔਰ ਗਿਣਤੀ ਵਿਚ ਬਹੁਤ ਥੋੜ੍ਹੇ ਹੈਂ।

ਈਲੀਅਟ : ਫਿਰ ਤਾਂ ਜੀ ਹਜ਼ੂਰੀ ਲੋਗਾਂ ਪਰ ਇਤਬਾਰ ਨਹੀਂ ਕਰਨਾ ਚਾਹੀਏ।

ਐਡਵਰਡਜ਼ : ਕੌਣ ਕਰਦਾ ਹੈ। ਗਵਰਨਰ ਜਨਰਲ ਦਾ ਹੁਕਮ ਹੈ ਕਿਸੇ ਭੀ ਪੰਜਾਬੀ ਪਰ ਯਕੀਨ ਮਤ ਕਰੋ। ਹਰ ਸ਼ਖ਼ਸ ਤੇ ਨਜ਼ਰ ਰੱਖੋ। ਇਨ੍ਹਾਂ ਸਾਥ ਮੇਲ ਮਤ ਰੱਖੋ। ਜਿਹੜੇ ਮੂੰਹ ਪਰ ਸਾਡੀ ਸਿਫ਼ਤ-ਸਲਾਹ ਕਰਦੇ ਹੈਨ ਅੰਦਰੋਂ ਹਮਾਰੇ ਖ਼ਿਲਾਫ਼ ਹੈਂ। ਇਨ੍ਹਾਂ ਲੋਗਾਂ ਨੇ ਅਜੇ ਤੱਕ ਆਪਣੀ ਹਾਰ ਨਹੀਂ ਮੰਨੀ।

ਈਲੀਅਟ : ਕੰਮ ਠੀਕ ਚਲਨੇ ਲੱਗ ਪਿਆ ਸੀ। ਮਗਰ ਮੂਲ ਰਾਜ ਦੀ ਬਗਾਵਤ ਨੇ ਜ਼ਿਆਦਾ ਹਾਲਾਤ ਖ਼ਰਾਬ ਕਰ ਦਿੱਤੇ ਹੈਨ।

ਐਡਵਰਡਜ਼ : ਅਗਰ ਲਾਰੰਸ ਫਰਲੋ ਪਰ ਨਾ ਜਾਂਦਾ ਤਾਂ ਐਸੀ ਸੂਰਤ ਪੈਦਾ ਨਹੀਂ ਸੀ ਹੋਣੀ।

ਈਲੀਅਟ : ਤੂੰ ਹਰ ਵਕਤ ਉਸ ਦੀ ਤਾਰੀਫ਼ ਕਰਦਾ ਹੈਂ। ਉਹ ਕਿਆ ਕਰ ਲੇਤਾ। ਉਸ ਦੀ ਨਰਮ ਪਾਲਿਸੀ ਕਰਕੇ ਹੀ ਤਾਂ ਇਹ ਨਾਜ਼ੁਕ ਹਾਲਾਤ ਪੈਦਾ ਹੋਏ ਹਨ।

ਐਡਵਰਡਜ਼ : ਹਰਗਿਜ਼ ਨਹੀਂ। ਉਸ ਦੀ ਦੂਰ-ਅੰਦੇਸ਼ੀ ਔਰ ਹਮਦਰਦੀ ਭਰੀ ਪਾਲਿਸੀ ਕਰਕੇ ਹੀ ਸ਼ੇਰ ਸਿੰਘ ਔਰ ਦੂਸਰੇ ਸਰਦਾਰ ਕੰਪਨੀ ਦੇ ਥੰਮ੍ਹ ਬਣੇ ਹੈਨ।

ਈਲੀਅਟ : ਕੁਛ ਨਹੀਂ ਕਿਹਾ ਜਾ ਸਕਦਾ। ਕਿਸ ਵਕਤ ਇਹ ਲੋਕ ਸਾਡੇ ਬਰਖ਼ਿਲਾਫ਼ ਹੋ ਜਾਣ।

ਐਡਵਰਡਜ਼ : ਮਗਰ ਇਸ ਵਕਤ ਤਾਂ ਮਿਸਟਰ ਕਿਊਰੀ ਦੀ ਸਿਰਦਰਦੀ ਮੂਲ ਰਾਜ ਦੀ ਬਗਾਵਤ ਨਹੀਂ ਬਲਕਿ ਰੂਹਾਨੀ ਸ਼ਖ਼ਸ ਮਹਾਰਾਜ ਸਿੰਘ ਹੈ।

ਈਲੀਅਟ : ਸਮਝ ਨਹੀਂ ਆਉਂਦੀ ਉਹ ਕਿਆ ਬਲਾ ਹੈ। ਮੇਜਰ ਕੌਕਸ ਵੀ ਉਸ ਨੂੰ ਐਨੀ ਫ਼ੋਰਸ ਨਾਲ ਪਕੜ ਨਹੀਂ ਸਕਿਆ।

ਐਡਵਰਡਜ਼ : ਉਸ ਨੂੰ ਪਕੜਨਾ ਆਸਾਨ ਕੰਮ ਨਹੀਂ। ਪੰਜਾਬੀ ਲੋਗ ਉਸ ਦਾ ਈਸਾ ਜੈਸਾ ਰੈਸਪੈਕਟ ਕਰਦੇ ਹੈਂ। ਔਰ ਫੇਰ ਉਹ ਹਰ ਜਗ੍ਹਾ ਦਾ ਵਾਕਫ਼ ਹੈ।

ਈਲੀਅਟ : ਪੰਜਾਬ ਪਰ ਕਬਜ਼ੇ ਤੋਂ ਬਾਅਦ ਦੋ ਹੀ ਹਮਾਰੇ ਖ਼ਤਰਨਾਕ ਦੁਸ਼ਮਣ ਸਨ। ਰਾਣੀ ਜਿੰਦਾਂ ਨੂੰ ਲਾਰੰਸ ਨੇ ਸ਼ੇਖ਼ੂਪੁਰਾ ਦੇ ਕਿਲ੍ਹਾ ਵਿਚ ਕੈਦ ਕਰ ਦਿੱਤਾ ਹੈ।

ਐਡਵਰਡਜ਼ : ਅਜੇ ਵੀ ਉਹ ਬਾਗ਼ੀ ਹਰਕਤਾਂ ਕਰਨ ਤੋਂ ਬਾਜ਼ ਨਹੀਂ ਆਉਂਦੀ।

[ਫ਼ਰੈਡਰਿਕ ਕਿਊਰੀ ਆਉਂਦਾ ਹੈ। ਦੋਵੇਂ ਆਦਰ ਵਿਚ ਉਠ ਖੜੇ ਹੁੰਦੇ ਹਨ।]

ਦੋਵੇਂ : ਗੁਡ ਆਫ਼ਟਰ ਨੂਨ ਸਰ ।

ਕਿਊਰੀ : ਗੁਡ ਆਫ਼ਟਰ ਨੂਨ ਫਰੈਂਡਜ਼ ।

ਈਲੀਅਟ : ਸਰ, ਕਿਆ ਕੋਈ ਖ਼ਾਸ ਬਾਤ ਹੈ ? ਸਖ਼ਤ ਪ੍ਰੇਸ਼ਾਨ ਲਗਦੇ ਹੋ ।

ਕਿਊਰੀ : ਭਾਰੀ ਘਬਰਾਹਟ ਵਾਲੀ ਬਾਤ ਤੋ ਹੈ।

ਐਡਵਰਡਜ਼ : ਉਹ ਕਿਆ ਹੈ ਸਰ ?

ਕਿਊਰੀ : ਬਾਗ਼ੀ ਮਹਾਰਾਜ ਸਿੰਘ ਮੁਲਤਾਨ ਤੋਂ ਨਿਕਲ ਕੇ ਹਜ਼ਾਰਾ ਦੀ ਤਰਫ਼ ਚਲਾ ਗਿਆ ਹੈ ।

ਈਲੀਅਟ : ਗੋਯਾ ਕਿ ਮੇਜਰ ਕੌਕਸ ਵੀ ਫ਼ੇਲ੍ਹ ਹੋ ਗਿਆ ।

ਕਿਊਰੀ : ਉਹ ਬਹੁਤ ਹੀ ਹੁਸ਼ਿਆਰ ਔਰ ਦਲੇਰ ਲੀਡਰ ਹੈ ।

ਈਲੀਅਟ : ਸਰ, ਆਖ਼ਰ ਕਾਬੂ ਆ ਜਾਏਗਾ । ਇਤਨੇ ਫ਼ਿਕਰ ਵਾਲੀ ਕੌਨ ਸੀ ਬਾਤ ਹੈ ।

ਕਿਊਰੀ : ਉਸ ਨੇ ਸ਼ੇਰ ਸਿੰਘ ਨੂੰ ਵੀ ਬਾਗ਼ੀ ਕਰ ਦੀਆ ਹੈ ।

ਈਲੀਅਟ : ਮਗਰ ਸ਼ੇਰ ਸਿੰਘ ਤਾਂ ਸਾਡਾ ਅਜ਼ਮੂਦਾ ਦੋਸਤ ਸੀ ।

ਕਿਊਰੀ : ਕਿਸੇ ਪੰਜਾਬੀ ਪਰ ਇਤਬਾਰ ਨਹੀਂ ਕੀਤਾ ਜਾ ਸਕਦਾ । (ਨਕਸ਼ੇ ਵੱਲ ਦੇਖਦਾ ਹੋਇਆ) ਹਜ਼ਾਰੇ ਵਿਚ ਉਸ ਦੇ ਫ਼ਾਦਰ ਚਤਰ ਸਿੰਘ ਅਟਾਰੀ ਨੇ ਖੁੱਲ੍ਹੀ ਬਗਾਵਤ ਕਰ ਦੀ ਹੈ ।

ਐਡਵਰਡਜ਼ : ਸਰ, ਇਹ ਬਗ਼ਾਵਤ ਐਬਟ ਦੀ ਵਜ੍ਹਾ ਕਰਕੇ ਹੋਇਆ ਹੈ । ਐਬਟ ਨੂੰ ਫ਼ੌਰਨ ਇਥੇ ਮੰਗਵਾ ਲਓ ।

ਕਿਊਰੀ : ਗਵਰਨਰ ਜਨਰਲ ਮੇਰੀ ਬਾਤ ਨਹੀਂ ਮਾਨ ਰਹੇ ।

ਐਡਵਰਡਜ਼ : ਤੁਸੀਂ ਉਹਨਾਂ ਨੂੰ ਸਮਝਾਓ । ਐਬਟ ਨੇ ਅਟਾਰੀ ਵਾਲੇ ਦਾ ਨਾਕ ਵਿਚ ਦਮ ਕੀਆ ਹੂਆ ਹੈ ।

ਕਿਊਰੀ : ਮੈਂ ਦੋ ਦਫ਼ਾ ਕਲਕੱਤੇ ਸ਼ਿਕਾਇਤ ਭੇਜ ਚੁੱਕਾ ਹਾਂ ।

ਐਡਵਰਡਜ਼ : ਜੇ ਚਤਰ ਸਿੰਘ ਅਟਾਰੀਵਾਲਾ ਬਾਗ਼ੀ ਹੋ ਗਿਆ, ਫਿਰ ਤੋ ਭਾਰੀ ਫ਼ਿਕਰ ਵਾਲੀ ਬਾਤ ਹੈ ।

ਕਿਊਰੀ : ਮੈਨੂੰ ਮੂਲ ਰਾਜ ਔਰ ਸ਼ੇਰ ਸਿੰਘ ਨਾਲੋਂ ਵੱਧ ਖ਼ਤਰਨਾਕ ਮਹਾਰਾਜ ਸਿੰਘ ਲੱਗਦਾ ਹੈ ।

ਐਡਵਰਡਜ਼ : ਮਗਰ ਮੇਜਰ ਕੌਕਸ ਨੇ ਉਸ ਨੂੰ ਮੁਲਤਾਨ ਵਿਚ ਕਾਬੂ ਕਿਉਂ ਨਾ ਕੀਤਾ।

ਕਿਊਰੀ : ਉਹ ਸਭ ਰਸਤਿਆਂ ਦਾ ਵਾਕਿਫ਼ ਹੈ । ਦੋ ਤਿੰਨ ਦਫ਼ਾ ਉਹ ਕੌਕਸ ਦੇ ਜਾਲ ਵਿਚੋਂ ਬਚ ਨਿਕਲਿਆ । ਫਿਰ ਗਾਉਂ ਦੇ ਲੋਕ ਉਸ ਦੀ ਬਹੁਤ ਮਦਦ ਕਰਦੇ ਹੈਨ ।

ਐਡਵਰਡਜ਼ : ਸਰ, ਸਾਡਾ ਖ਼ਿਆਲ ਸੀ ਰਾਣੀ ਜਿੰਦਾਂ ਨੂੰ ਸ਼ੇਖ਼ੂਪੁਰਾ ਭੇਜ ਕੇ ਆਰਾਮ ਕੀ ਨੀਂਦ ਸੋਵਾਂਗੇ ।



ਕਿਊਰੀ : ਸੱਚੀ ਬਾਤ ਹੈ, ਜਿਸ ਦਿਨ ਤੋਂ ਪੰਜਾਬ ਉੱਤੇ ਕਬਜ਼ਾ ਕੀਤਾ ਹੈ, ਇਕ ਦਿਨ ਵੀ ਕੋਈ ਸੁੱਖ ਦੀ ਨੀਂਦ ਨਹੀਂ ਸੋਇਆ । ਕਬਜ਼ੇ ਤੋਂ ਫ਼ੌਰਨ ਬਾਅਦ ਪਹਿਲਾਂ ਸਾਲਮੀ ਦਰਵਾਜ਼ੇ ਦਾ ਕੇਸ ਹੋਇਆ । ਉਸ ਤੋਂ ਬਾਅਦ ਸ਼ਾਲੀਮਾਰ ਬਾਗ਼ ਭਾਰੀ ਨੁਕਸਾਨ ਤੋਂ ਬਾਲ ਬਾਲ ਬਚੇ । ਫਿਰ ਭਰੇ ਦਰਬਾਰ ਵਿਚ ਤੇਜਾ ਸਿੰਘ ਦੇ ਮਾਮਲੇ ਵਿਚ ਰਾਣੀ ਜਿੰਦਾਂ ਨੇ ਗੜਬੜ ਕਰਵਾਈ ।

ਅਰਦਲੀ : (ਝੁਕ ਕੇ) ਸਰ, ਹਜ਼ਾਰੇ ਤੋਂ ਏਲਚੀ ਖ਼ਾਸ ਖ਼ਬਰ ਲਿਆਇਆ ਹੈ ।

ਕਿਊਰੀ : ਜਲਦ ਅੰਦਰ ਲੈ ਆਓ ।

[ਤਿੰਨੇ ਬੜੀ ਉਤਸੁਕਤਾ ਨਾਲ ਉਡੀਕਦੇ ਹਨ। ਏਲਚੀ ਝੁਕ ਕੇ ਸਲਾਮ ਕਰਦਾ ਹੈ ਅਤੇ ਇਕ ਲਿਫ਼ਾਫ਼ਾ ਫੜਾਂਦਾ ਹੈ । ਕਿਊਰੀ ਛੇਤੀ ਛੇਤੀ ਲਿਫ਼ਾਫ਼ਾ ਖੋਲ੍ਹਦਾ ਹੈ ।]

ਐਡਵਰਡਜ਼ : ਸਰ, ਕਿਆ ਕੋਈ ਖ਼ਾਸ ਬਾਤ ਹੈ ?

ਕਿਊਰੀ : ਬਹੁਤ ਭਾਰੀ, ਮਹਾਰਾਜ ਸਿੰਘ ਔਰ ਸ਼ੇਰ ਸਿੰਘ, ਚਤਰ ਸਿੰਘ ਅਟਾਰੀ ਦੀ ਮਦਦ ਲਈ ਸਰਹੱਦ ਤੇ ਪਹੁੰਚ ਗਏ ਹੈਨ ।

ਈਲੀਅਟ : ਫਿਰ ਤੋ ਬਹੁਤ ਹੀ ਖ਼ਤਰੇ ਵਾਲੀ ਬਾਤ ਹੈ । ਫ਼ੌਰਨ ਕਾਰਵਾਈ ਕਰਨਾ ਚਾਹੀਏ ।

ਕਿਊਰੀ : ਅੱਜ ਹੀ ਹੀਊ ਗਫ ਨੂੰ ਭਾਰੀ ਫ਼ੌਜ ਦੇ ਕੇ ਹਜ਼ਾਰਾ ਤਰਫ਼ ਭੇਜਦਾ ਹਾਂ ।

[ਰੈਜ਼ੀਡੈਂਟ ਕਿਊਰੀ ਸਖ਼ਤ ਪ੍ਰੇਸ਼ਾਨੀ ਵਿਚ ਜਾਂਦਾ ਹੈ ।]

ਐਡਵਰਡਜ਼ : ਗਵਰਨਰ ਜਨਰਲ ਨੇ ਠੀਕ ਫ਼ਰਮਾਇਆ ਹੈ, ਜਿੰਨਾ ਚਿਰ ਤੱਕ ਖ਼ਾਲਸਾ ਦੀ ਅਣਖ ਨੂੰ ਕੁਚਲਿਆ ਨਹੀਂ ਜਾਂਦਾ, ਪੰਜਾਬ ਉੱਤੇ ਮੁਕੰਮਲ ਕਬਜ਼ਾ ਨਹੀਂ ਹੋ ਸਕਦਾ ।

ਈਲੀਅਟ : ਦਰੁਸਤ ਹੈ, ਕਿਲ੍ਹੇ ਅੰਦਰ ਪਿਆਂ ਵੀ ਰਾਤ ਨੂੰ ਡਰ ਲੱਗਦਾ ਹੈ । ਕਹੀਂ ਖ਼ਾਲਸਾ ਫ਼ੌਜ ਸ਼ਾਹਦਰਾ ਤੋਂ ਨਾ ਆ ਧਮਕੇ ।

ਐਡਵਰਡਜ਼ : ਸਾਰੇ ਪੰਜਾਬ ਵਿਚ ਖ਼ਤਰਨਾਕ ਹਾਲਾਤ ਪੈਦਾ ਹੋ ਗਏ ਹੈਂ । ਅਗਰ ਚਤਰ ਸਿੰਘ ਅਟਾਰੀ ਨੂੰ ਮਹਾਰਾਜ ਸਿੰਘ ਔਰ ਸ਼ੇਰ ਸਿੰਘ ਦੀ ਮਦਦ ਨਾਲ ਫ਼ਤਿਹ ਪ੍ਰਾਪਤ ਹੋ ਜਾਂਦੀ ਹੈ, ਫਿਰ ਤੋ ਮੁਸੀਬਤ ਖੜੀ ਹੋ ਜਾਏਗੀ ।

[ਦੋਵੇਂ ਛੇਤੀ ਛੇਤੀ ਜਾਂਦੇ ਹਨ ।]

## ਅੰਕ ਚੌਥਾ

ਸਥਾਨ : ਜਿਹਲਮ ਦਰਿਆ ਦਾ ਕੰਢਾ

ਸਮਾਂ : 13 ਜਨਵਰੀ, 1849

ਵਕਤ : ਰਾਤ ਦਾ ਦੂਜਾ ਪਹਿਰ

ਪਿਛੋਕੜ ਦਾ ਗਾਣਾ :

ਪਿੱਛੇ ਬੈਠ ਸਰਦਾਰਾਂ ਗੁਰਮਤਾ ਕੀਤਾ
ਕੋਈ ਅਕਲ ਦਾ ਕਰੋ ਇਲਾਜ ਯਾਰੋ
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ
ਪੱਗ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ
ਮੁੱਠ ਮੀਚੀ ਸੀ ਏਸ ਪੰਜਾਬ ਦੀ ਜੀ
ਇਨ੍ਹਾਂ ਖੋਲ੍ਹ ਦਿੱਤਾ ਅੱਜ ਪਾਜ ਯਾਰੋ
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ
ਕਦੀ ਰਾਜ ਨਾ ਹੋਇ ਮੁਥਾਜ ਯਾਰੋ ।

[ਇਕ ਆਰਜ਼ੀ ਤੰਬੂ ਵਿਚ ਮਹਾਰਾਜ ਸਿੰਘ, ਚਤਰ ਸਿੰਘ ਅਟਾਰੀ ਵਾਲੇ ਨਾਲ ਖੜ੍ਹਾ ਝਗੜ ਰਿਹਾ ਹੈ ।]

ਚਤਰ ਸਿੰਘ : ਤੁਸੀਂ ਰੂਹਾਨੀ ਪੁਰਸ਼ ਹੋ । ਗੁੱਸਾ ਤੁਹਾਡੇ ਚਿਹਰੇ 'ਤੇ ਫੱਬਦਾ ਨਹੀਂ ।

ਮਹਾਰਾਜ : ਚਤਰ ਸਿੰਘ, ਮੈਂ ਇਨਸਾਨ ਹਾਂ, ਦੇਵਤਾ ਨਹੀਂ । ਮੇਰੇ ਪੈਰ ਹਕੀਕਤ ਦੀ ਧਰਤੀ ਤੇ ਨੇ, ਮੈਂ ਸ਼ੇਰ ਸਿੰਘ ਵਾਂਗ ਆਕਾਸ਼ ਉਡਾਰੀਆਂ ਨਹੀਂ ਲਾ ਰਿਹਾ । ਮੈਂ ਵਕਤ ਦੀ ਨਜ਼ਾਕਤ ਨੂੰ ਭਲੀ-ਭਾਂਤ ਅਨੁਭਵ ਕਰ ਰਿਹਾ ਹਾਂ ।

ਚਤਰ ਸਿੰਘ : ਤੁਹਾਡੀ ਸੂਝ-ਬੂਝ ਤੇ ਦੂਰ-ਅੰਦੇਸ਼ੀ ਤੇ ਕਿਸੇ ਨੂੰ ਕੋਈ ਸ਼ੱਕ ਨਹੀਂ । ਮੈਨੂੰ ਤੁਹਾਡੀ ਨਾਰਾਜ਼ਗੀ ਦਾ ਕਾਰਨ ਪਤਾ ਨਹੀਂ ਲੱਗ ਸਕਿਆ । ਕੀ ਸ਼ੇਰ ਸਿੰਘ ਨੇ ਕੋਈ ਗੁਸਤਾਖ਼ੀ ਕੀਤੀ ਏ ?

ਮਹਾਰਾਜ : ਸ਼ੇਰ ਸਿੰਘ ਜੁਆਨੀ ਦੇ ਜੋਸ਼ ਵਿਚ ਅਕਲ ਤੋਂ ਕੰਮ ਨਹੀਂ ਲੈ ਰਿਹਾ ।

ਚਤਰ ਸਿੰਘ : ਉਸ ਮੂੜ ਮਤ ਨੂੰ ਸਮਝਾਣਾ ਸੀ ।



ਮਹਾਰਾਜ : ਮੈਂ ਪੂਰੀ ਵਾਹ ਲਾ ਚੁੱਕਾਂ । ਉਸ ਦੇ ਖ਼ਾਨੇ ਗੱਲ ਨਹੀਂ ਬੈਠਦੀ ।

ਚਤਰ ਸਿੰਘ : ਤੁਸੀਂ ਫ਼ੌਰੀ ਕੀ ਚਾਹੁੰਦੇ ਓ, ਮੈਨੂੰ ਦੱਸੋ ।

ਮਹਾਰਾਜ : ਸਾਨੂੰ ਹਾਰੀ ਹੋਈ ਫ਼ਰੰਗੀ ਫ਼ੌਜ ਦਾ ਫ਼ੌਰਨ ਪਿੱਛਾ ਕਰਨਾ ਚਾਹੀਦਾ ਹੈ ।

ਚਤਰ ਸਿੰਘ : ਬਿਲਕੁਲ ਠੀਕ ਏ । ਉਸ ਨੂੰ ਕੀ ਇਤਰਾਜ਼ ਏ ?

ਮਹਾਰਾਜ : ਉਹ ਜਿੱਤ ਦੇ ਨਸ਼ੇ ਵਿਚ ਮਖ਼ਮੂਰ ਹੈ । ਕੋਈ ਦਲੀਲ ਸੁਣਨ ਲਈ ਤਿਆਰ ਨਹੀਂ ।

ਚਤਰ ਸਿੰਘ : ਦਰਅਸਲ ਉਹ ਅਜੇ ਵੀ ਫ਼ਰੰਗੀਆਂ ਦਾ ਲਿਹਾਜ਼ ਕਰ ਰਿਹੈ । ਲਾਰੰਸ ਦੀ ਸੱਜੀ ਬਾਂਹ ਬਣਿਆ ਹੋਇਐ । ਯਰਾਨਾ ਪਾਲ ਰਿਹੈ । ਹਾਰੀ ਹੋਈ ਫ਼ੌਜ 'ਤੇ ਹੱਲਾ ਨਹੀਂ ਕਰਨਾ ਚਾਹੁੰਦਾ ।

ਮਹਾਰਾਜ : ਕਿਉਂ ?

ਚਤਰ ਸਿੰਘ : ਕਹਿੰਦੈ ਇਹ ਯੁੱਧ ਮਰਯਾਦਾ ਦੇ ਉਲਟ ਹੈ ।

ਮਹਾਰਾਜ : (ਭਖ ਕੇ) ਸਰਦਾਰ ਜੀ, ਸ਼ੇਰ ਸਿੰਘ ਬੱਚਿਆਂ ਵਾਲੀਆਂ ਭੋਲੀਆਂ ਗੱਲਾਂ ਕਰ ਰਿਹੈ । ਕੀ ਸਭਰਾਵਾਂ ਦੀ ਲੜਾਈ ਸਮੇਂ ਜਦੋਂ ਗ਼ੱਦਾਰ ਤੇਜ ਸਿੰਘ ਨੇ ਬੇੜੀਆਂ ਦਾ ਪੁਲ ਤੁੜਵਾ ਦਿੱਤਾ ਸੀ ਤਾਂ ਹਾਰਡਿੰਗ ਨੇ ਸਾਡੇ ਹਜ਼ਾਰ ਫ਼ੌਜੀ ਤਰਾਕ ਤੋਪਾਂ ਨਾਲ ਨਹੀਂ ਸਨ ਉਡਾਏ ? ਸਾਡੀ ਬਚਦੀ ਫ਼ੌਜ ਦਾ ਮਲੀਆਮੇਟ ਨਹੀਂ ਸੀ ਕੀਤਾ ? ਕੀ ਉਹਨਾਂ ਨੇ ਯੁੱਧ ਮਰਯਾਦਾ ਦਾ ਪਾਲਣ ਕੀਤਾ ਸੀ ? ਜੰਗ ਯੁੱਧ ਵਿਚ ਕੋਈ ਲੋ-ਲਿਹਾਜ਼ ਨਹੀਂ ਹੁੰਦਾ । ਜੇ ਅੱਜ ਫ਼ਰੰਗੀ ਜਿੱਤ ਜਾਂਦੇ, ਸਾਡਾ ਇਕ ਵੀ ਜੁਆਨ ਜ਼ਿੰਦਾ ਨਾ ਛੱਡਦੇ ।

ਚਤਰ ਸਿੰਘ : ਮੈਂ ਤੁਹਾਡੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ । ਸਾਡੇ ਪਾਸ ਅਸਲੇ ਅਤੇ ਰਾਸ਼ਨ ਦੀ ਬੇਹੱਦ ਘਾਟ ਹੈ । ਸਾਨੂੰ ਹਾਰੀ ਹੋਈ ਫ਼ੌਜ ਤੋਂ ਖੋਹ-ਖਿੱਚ ਕੇ ਕਮੀ ਪੂਰੀ ਕਰਨੀ ਚਾਹੀਦੀ ਹੈ । ਉਨ੍ਹਾ ਦੇ ਬਚਦੇ ਫ਼ੌਜੀ ਕੈਦ ਕਰ ਲੈਣੇ ਚਾਹੀਦੇ ਨੇ ।

ਮਹਾਰਾਜ : ਪਰ ਉਹ ਮੂਰਖ ਮੰਨੇ ਤਾਂ ਸਈ । ਤੁਹਾਨੂੰ ਕੀ ਉੱਤਰ ਦਿੱਤਾ ਸੀ ?

ਚਤਰ ਸਿੰਘ : ਬੜਾ ਅਬੈੜਾ । ਕੀ ਦੱਸਾਂ ?

ਮਹਾਰਾਜ : ਫੇਰ ਵੀ ?

ਚਤਰ ਸਿੰਘ : ਨਸ਼ੇ ਦੇ ਲੋਰ ਵਿਚ ਕਹਿਣ ਲੱਗਾ, 'ਬਾਪੂ ਜੀ, ਰਜਾਈ ਲਪੇਟ ਕੇ ਆਰਾਮ ਨਾਲ ਸੌਂਵੋਂ । ਕੱਲ੍ਹ ਸਵੇਰੇ ਗੱਲ ਕਰਾਂਗੇ ।' ਜਦੋਂ ਮੈਂ ਤਲਖ਼ੀ ਨਾਲ ਬੋਲਿਆ ਤਾਂ ਭੇਦ ਖੁੱਲ੍ਹਾ ।

ਮਹਾਰਾਜ : ਕਿਹੜਾ ਭੇਦ ?

ਚਤਰ ਸਿੰਘ : ਕਹਿੰਦਾ, ਮੈਂ ਦੋ ਗ੍ਰਿਫ਼ਤਾਰ ਅੰਗਰੇਜ਼ ਕੈਦੀ ਰੈਜ਼ੀਡੈਂਟ ਕੋਲ ਲਾਹੌਰ ਭੇਜੇ ਨੇ ।

ਮਹਾਰਾਜ : ਕੀ ਲਾਰੰਸ ਛੁੱਟੀ ਤੋਂ ਵਾਪਸ ਆ ਗਿਐ ?

ਚਤਰ ਸਿੰਘ : ਛੇਤੀ ਆ ਰਿਹਾ ਏ ।

ਮਹਾਰਾਜ : ਤਾਂ ਹੀ ਉਸ ਦਾ ਦਿਮਾਗ਼ ਫਿਰਿਆ ਹੋਇਆ ਹੈ । ਅਫ਼ਸਰਾਂ ਕੋਲ ਕੀ ਸੰਦੇਸ਼ਾ ਭੇਜਿਆ ਹੈ ?

ਚਤਰ ਸਿੰਘ : ਕਹਿੰਦਾ ਮੈਂ ਲਿਖਿਆ ਕਿ ਬਿਨਾਂ ਹੀਲ-ਹੁੱਜਤ ਈਨ ਮੰਨ ਲਓ ਅਤੇ ਲਾਹੌਰ ਖ਼ਾਲੀ ਕਰ ਦਿਓ ।

ਮਹਾਰਾਜ : ਸ਼ੇਰ ਸਿੰਘ ਬੱਚਿਆਂ ਵਾਲੇ ਖ਼ਿਆਲੀ ਕਿਲ੍ਹੇ ਉਸਾਰ ਰਿਹਾ ਹੈ । ਚਤਰ ਸਿੰਘ, ਮੇਰੀ ਗੱਲ ਪੱਲੇ ਬੰਨ੍ਹ ਲੈ, ਸਿਰਫ਼ ਅੱਜ ਦੀ ਰਾਤ ਸਾਡੇ ਪਾਸ ਹੈ । ਜੇਕਰ ਅਸੀਂ ਇਸ ਮੌਕੇ ਦਾ ਪੂਰਾ ਫ਼ਾਇਦਾ ਨਾ ਉਠਾਇਆ, ਯਾਦ ਰੱਖੀਂ, ਮੁੜ ਕਦੇ ਵੀ ਅਜਿਹਾ ਸੁਨਹਿਰੀ ਵਕਤ ਸਾਡੇ ਹੱਥ ਨਹੀਂ ਲੱਗਣਾ । ਪੰਜਾਬ ਨੂੰ ਆਜਾਦ ਕਰਵਾਉਣ ਦਾ ਸੁਪਨਾ ਕਾਫ਼ੂਰ ਹੋ ਜਾਏਗਾ । ਉਧਰ ਮੁਲਤਾਨ ਵਿਚ ਮੂਲ ਰਾਜ ਨੇ ਸਾਡੀ ਪਿੱਠ ਤੇ ਲੱਤ ਮਾਰ ਦਿੱਤੀ ਹੈ ।

ਚਤਰ ਸਿੰਘ : ਕੀ ਮਤਲਬ ?

ਮਹਾਰਾਜ : ਉਸ ਕਾਇਰ ਨੇ ਅਸਲੋਂ ਗ਼ਲਤ ਮੌਕੇ 'ਤੇ ਫ਼ਰੰਗੀ ਅੱਗੇ ਗੋਡੇ ਟੇਕ ਦਿੱਤੇ ਨੇ ।

ਚਤਰ ਸਿੰਘ : ਬਹੁਤ ਭੈੜੀ ਖ਼ਬਰ ਹੈ । ਫ਼ਰੰਗੀ ਫ਼ੌਜ ਉਥੋਂ ਵਿਹਲੀ ਹੋ ਕੇ ਇਥੇ ਪੁੱਜ ਜਾਵੇਗੀ ।

ਮਹਾਰਾਜ : ਇਹ ਤਾਂ ਜ਼ਾਹਰ ਹੀ ਹੈ । ਪਤਾ ਨਹੀਂ ਗੁਰੂ ਨੂੰ ਕੀ ਮਨਜ਼ੂਰ ਹੈ । ਅਸੀਂ ਹਰ ਪੈਂਤੜਾ ਹੱਥੋਂ ਗਵਾ ਰਹੇ ਹਾਂ ।

ਚਤਰ ਸਿੰਘ : ਮੈਂ ਤੁਹਾਡੀ ਸੁਹਿਰਦਤਾ ਤੇ ਸਿਆਸੀ ਸੂਝ ਦਾ ਕਾਇਲ ਹਾਂ, ਪਰ ਬੇਵੱਸ ਹਾਂ ।

ਮਹਾਰਾਜ : ਚਤਰ ਸਿੰਘ, ਚੰਗੀ ਤਰ੍ਹਾਂ ਸਮਝ ਲਓ, ਅੰਗਰੇਜ਼ ਕਿਸੇ ਸੂਰਤ ਵਿਚ ਪੰਜਾਬ ਛੱਡਣ ਨੂੰ ਤਿਆਰ ਨਹੀਂ ਹੋਵੇਗਾ । ਜੇ ਉਸ ਦੇ ਪੰਜਾਬ 'ਚੋਂ ਪੈਰ ਉਖੜ ਗਏ ਤਾਂ ਕਿਧਰੇ ਵੀ ਟਿਕ ਨਹੀਂ ਸਕਣਗੇ । ਉਹਨਾਂ ਨੇ ਅੱਡੀ ਚੋਟੀ ਦਾ ਜ਼ੋਰ ਲਾ ਕੇ ਹਫ਼ਤੇ ਦਸਾਂ ਦਿਨਾਂ ਅੰਦਰ ਸਾਰੇ ਹਿੰਦੁਸਤਾਨ ਵਿਚੋਂ ਕੁਮਕ ਭੇਜ ਦੇਣੀ ਹੈ । ਸਾਥੋਂ ਪੰਜਾਬ ਖੁੱਸ ਚੁੱਕਾ ਹੈ । ਖ਼ੁਸ਼ਕਿਸਮਤੀ ਨਾਲ ਤੁਹਾਡੀ ਬਗਾਵਤ ਨੇ ਇਕ ਆਖ਼ਰੀ ਸੁਨਹਿਰੀ ਅਵਸਰ ਪੈਦਾ ਕੀਤਾ ਹੈ । ਵਾਹਿਗੁਰੂ ਦੀ ਅਪਾਰ ਕ੍ਰਿਪਾ ਦੁਆਰਾ ਅਸੀਂ ਜਿੱਤ ਦਾ ਮੁੜ ਮੂੰਹ ਦੇਖਿਆ ਹੈ । ਮੇਰੇ ਨਾਲ ਆਓ, ਦੋਵੇਂ ਰਲ ਕੇ ਉਸ ਨੂੰ ਸਮਝਾਉਣ ਦਾ ਯਤਨ ਕਰੀਏ ।

ਚਤਰ ਸਿੰਘ : ਮੇਰੀ ਜਾਚੇ, ਸ਼ੇਰ ਸਿੰਘ ਖ਼ੁਦ ਹੀ ਇਥੇ ਆ ਰਿਹਾ ਹੈ ।



ਸ਼ੇਰ ਸਿੰਘ : (ਨਸ਼ੇ ਵਿਚ ਝੂਮਦਾ ਹੋਇਆ) ਪੂਜਯ ਬਜ਼ੁਰਗ ਕੀ ਸਾਜ਼ਿਸ਼ ਘੜ ਰਹੇ ਨੇ ।

ਚਤਰ ਸਿੰਘ : ਸ਼ੇਰ ਸਿੰਘ, ਹੋਸ਼ ਕਰ, ਤੂੰ ਮਹਾਨ ਰੂਹਾਨੀ ਪੁਰਸ਼ ਦੇ ਰੂਬਰੂ ਗੁਸਤਾਖ਼ੀ ਕਰ ਰਿਹਾ ਹੈਂ ।

ਸ਼ੇਰ ਸਿੰਘ : ਖ਼ਿਮਾਂ ! ਮੈਂ ਨਸ਼ੇ ਦੇ ਲੋਰ 'ਚ ਮਸ਼ਕੂਲਾ ਕਰ ਬੈਠਾਂ ।

ਮਹਾਰਾਜ : ਸ਼ੇਰ ਸਿੰਘ, ਇਸ ਆਰਜ਼ੀ ਜਿੱਤ ਦੀ ਖ਼ੁਮਾਰੀ ਵਿਚ ਤੂੰ ਵਕਤ ਦੀ ਨਜ਼ਾਕਤ ਨੂੰ ਨਹੀਂ ਪਛਾਣ ਰਿਹਾ ।

ਸ਼ੇਰ ਸਿੰਘ : ਬਾਬਾ ਜੀਓ, ਮੁਦਕੀ ਤੇ ਸਭਰਾਵਾਂ ਦੀਆਂ ਲੜਾਈਆਂ ਵਿਚ ਵੀ ਸਾਡੀ ਫ਼ੌਜ ਨਹੀਂ ਸੀ ਹਾਰੀ । ਧੋਖੇਬਾਜ਼ ਗ਼ੱਦਾਰਾਂ ਨੇ ਫ਼ਰੰਗੀਆਂ ਨਾਲ ਅੰਦਰੋ-ਗਤੀ ਮਿਲ ਕੇ ਹਰਾਇਆ ਸੀ ।

ਮਹਾਰਾਜ : ਸ਼ੇਰ ਸਿੰਘ, ਹੁਣ ਹਾਲਾਤ ਅਸਲੋਂ ਬਦਲ ਚੁੱਕੇ ਨੇ । ਉਸ ਵਕਤ ਮਹਾਰਾਜਾ ਰਣਜੀਤ ਸਿੰਘ ਦੀ ਨਿਹਾਇਤ ਸਿਖਸ਼ਿਤ ਫ਼ੌਜ ਸਾਡੇ ਪਾਸ ਮੌਜੂਦ ਸੀ, ਪੂਰੇ ਸਾਜ਼ੋ-ਸਾਮਾਨ ਸਮੇਤ । ਤਾਂ ਹੀ ਉਹ ਬਿਨਾਂ ਜਰਨੈਲ ਦੇ ਆਖ਼ਰੀ ਦਮ ਤਕ ਲੜਦੀ ਰਹੀ ।

ਸ਼ੇਰ ਸਿੰਘ : ਪਰ ਹੁਣ ਖ਼ਾਲਸਾ ਫ਼ੌਜ ਦਾ ਜਰਨੈਲ ਤੁਹਾਡਾ ਖ਼ਾਦਮ ਸ਼ੇਰ ਸਿੰਘ ਹੈ । ਜਿਸ ਨੇ ਅੱਜ ਚੇਲੀਆਂਵਾਲੀ ਲੜਾਈ ਵਿਚ ਫ਼ਰੰਗੀ ਨੂੰ ਲੱਕ-ਤੋੜਵੀਂ ਹਾਰ ਦਿੱਤੀ ਹੈ ।

ਮਹਾਰਾਜ : ਸ਼ੇਰ ਸਿੰਘ, ਮੈਂ ਮੰਨਦਾਂ ਇੰਨੀ ਕਰਾਰੀ ਹਾਰ ਉਹਨਾਂ ਨੂੰ ਪਿਛਲੇ ਸੌ ਸਾਲਾਂ ਵਿਚ ਨਹੀਂ ਹੋਈ । ਲੰਦਨ ਵਿਚ ਕੁਰਲਾਟ ਮਚਿਆ ਹੋਇਆ ਹੈ ।

ਸ਼ੇਰ ਸਿੰਘ : ਫ਼ਰੰਗੀ ਦਾ ਨਮੋਸ਼ੀ ਨਾਲ ਮੂੰਹ ਕਾਲਾ ਹੋ ਗਿਆ ਹੈ ।

ਮਹਾਰਾਜ : ਪਰ ਸ਼ੇਰ ਸਿੰਘ, ਸਾਨੂੰ ਇਸ ਜਿੱਤ ਦਾ ਪੂਰਾ-ਪੂਰਾ ਫ਼ਾਇਦਾ ਉਠਾਣਾ ਚਾਹੀਦਾ ਹੈ ।

ਸ਼ੇਰ ਸਿੰਘ : ਤੁਸੀਂ ਮੇਰੀ ਅਰਜ਼ ਮੰਨੋ, ਨਿਸਚਿੰਤ ਸੌਂਵੋਂ । ਫ਼ਰੰਗੀ ਹੁਣ ਸਾਡਾ ਟਾਕਰਾ ਕਰਨ ਜੋਗਾ ਨਹੀਂ ਰਿਹਾ ।

ਮਹਾਰਾਜ : ਸ਼ੇਰ ਸਿੰਘ ਤੂੰ ਸਖ਼ਤ ਭੁਲੇਖੇ ਦਾ ਸ਼ਿਕਾਰ ਹੈਂ । ਸਾਡੇ ਪਾਸ ਰਾਸ਼ਨ ਤੇ ਹਥਿਆਰ ਅਸਲੋਂ ਖ਼ਤਮ ਹੋ ਚੁੱਕੇ ਹਨ । ਸਾਨੂੰ ਰਾਤੋ ਰਾਤ ਵਾਰ ਕਰ ਕੇ ਇਹ ਕਮੀ ਪੂਰੀ ਕਰ ਲੈਣੀ ਚਾਹੀਦੀ ਹੈ । ਉਹਨਾਂ ਦੀ ਰਹਿੰਦੀ ਫ਼ੌਜ ਨੂੰ ਕੈਦ ਕਰ ਕੇ ਕਰਾਰੀ ਸੱਟ ਮਾਰਨੀ ਚਾਹੀਦੀ ਹੈ ।

ਸ਼ੇਰ ਸਿੰਘ : (ਫ਼ੌਜੀ ਪਹਿਰੇਦਾਰ ਨੂੰ ਇਸ਼ਾਰੇ ਨਾਲ) ਓਇ ਜਾਹ, ਮੇਰੇ ਖ਼ਿਮੇਂ 'ਚੋਂ ਪੰਜ ਰਤਨੀ ਦੀਆਂ ਦੋ ਬੋਤਲਾਂ ਫੜ ਲਿਆ । ਸੰਤ ਬਾਬਾ ਜੀ ਤਾਂ ਢਹਿੰਦੀ ਕਲਾ ਦੀਆਂ ਗੱਲਾਂ ਕਰ ਰਹੇ ਨੇ । ਜਿੱਤ ਦਾ ਸਾਰਾ ਨਸ਼ਾ ਉਤਾਰ ਦਿੱਤਾ । ਬਾਪੂ ਜੀ, ਤੁਸੀਂ ਵੀ ਦੁਸ਼ਮਣ ਤੋਂ ਖੋਹੀ ਲੰਦਨ ਦੀ ਵਿਸਕੀ ਦਾ ਸੁਆਦ ਚੱਖੋ, ਥਕੇਵਾਂ ਲੱਥ ਜਾਵੇਗਾ ।

ਮਹਾਰਾਜ : ਸ਼ੇਰ ਸਿੰਘ, ਮੈਨੂੰ ਗੁਰਾਂ ਦੀ ਬਖ਼ਸ਼ੀ ਹੋਈ ਰੂਹਾਨੀ ਸ਼ਰਾਬ ਦਾ ਨਸ਼ਾ ਹੈ, ਜਿਹੜਾ ਦੁੱਖ ਸੁੱਖ ਵਿਚ ਸਦਾ ਕਾਇਮ ਰਹਿੰਦਾ ਹੈ।

ਸ਼ੇਰ ਸਿੰਘ : ਉਸ ਦਾ ਦਾਸ ਨੂੰ ਵੀ ਸਵਾਦ ਚਖਾਓ।

ਮਹਾਰਾਜ : ਸ਼ੇਰ ਸਿੰਘ, ਫਰੰਗੀ ਹੱਥੋਂ ਖ਼ੋਹੀ ਸ਼ਰਾਬ ਨੇ ਤੇਰੀ ਮੱਤ ਦੇ ਭਿਤ ਬੰਦ ਕੀਤੇ ਹੋਏ ਨੇ।

ਚਤਰ ਸਿੰਘ : (ਸਖ਼ਤੀ ਨਾਲ) ਸ਼ੇਰ ਸਿੰਘ ! ਹੋਸ਼ ਕਰ, ਸੰਤ ਮਹਾਰਾਜ ਜੀ ਦੀ ਗੱਲ ਧਿਆਨ ਨਾਲ ਸੁਣ।

ਸ਼ੇਰ ਸਿੰਘ : (ਸ਼ਰਾਬੀਆਂ ਵਾਂਗ ਪੈਰਾਂ 'ਤੇ ਢਹਿੰਦਾ ਹੋਇਆ) ਦੱਸੋ, ਤੁਸੀਂ ਕੀ ਚਾਹੁੰਦੇ ਹੋ ?

ਮਹਾਰਾਜ : ਮੈਂ ਆਪਣੇ ਲਈ ਕੁਝ ਨਹੀਂ ਚਾਹੁੰਦਾ। ਮੇਰੇ ਲਈ ਇਹ ਨਿਸ਼ਕਾਮ ਰੂਹਾਨੀ ਮਿਸ਼ਨ ਏ।

ਸ਼ੇਰ ਸਿੰਘ : ਫੇਰ ਹੋਰ ਕੀ ਚਾਹੁੰਦੇ ਓ ?

ਮਹਾਰਾਜ : ਤੂੰ ਮੇਰੀ ਇੱਕ ਗੱਲ ਮੰਨ ਲੈ।

ਸ਼ੇਰ ਸਿੰਘ : ਸਿਰ ਮੱਥੇ ਮੰਨਾਂਗਾ, ਫ਼ੁਰਮਾਓ।

ਮਹਾਰਾਜ : ਤੂੰ ਮੈਨੂੰ ਥੋੜ੍ਹੀ ਫ਼ੌਜ ਦੇ ਦੇਹ। ਮੈਂ ਰਾਤ ਰਾਤ ਲੋੜੀਂਦੇ ਹਥਿਆਰ ਅਤੇ ਰਾਸ਼ਨ-ਪਾਣੀ ਇਕੱਠਾ ਕਰ ਲੈਂਦਾ ਹਾਂ।

ਸ਼ੇਰ ਸਿੰਘ : ਪਰ, (ਝਿਜਕਦਾ ਹੋਇਆ) ਮੈਂ ਜਰਨੈਲ ਹੀਊ ਗਫ ਨਾਲ ਵਾਅਦਾ ਕਰ ਚੁੱਕਾ ਹਾਂ। ਉਸ ਨੇ ਪੂਰੀ ਤਰ੍ਹਾਂ ਹਥਿਆਰ ਸੁੱਟਣ ਲਈ ਥੋੜ੍ਹੀ ਮੋਹਲਤ ਮੰਗੀ ਹੈ।

ਮਹਾਰਾਜ : ਸਰਾਸਰ ਧੋਖਾ ਤੇ ਫ਼ਰੇਬ ਹੈ। ਸ਼ੇਰ ਸਿੰਘ, ਤੂੰ ਅਜੇ ਤੱਕ ਫ਼ਰੰਗੀਆਂ ਦੀ ਸਿਆਸੀ ਕੁਟਿਲ ਨੀਤੀ ਨੂੰ ਨਹੀਂ ਜਾਣਿਆ। ਗਫ ਮੌਕਾ ਖੁੰਝਾ ਰਿਹਾ ਹੈ। ਅਸੀਂ ਰਾਜਨੀਤੀ ਵਿਚ ਫ਼ਰੰਗੀਆਂ ਦੇ ਮੁਕਾਬਲੇ ਅਜੇ ਬੱਚੇ ਹਾਂ। ਸ਼ੇਰ ਸਿੰਘ, ਕੰਨ ਖੋਲ੍ਹ ਕੇ ਸੁਣ ਲੈ, ਅੰਗਰੇਜ਼ਾਂ ਨੇ ਆਖ਼ਰੀ ਦਮ ਤੱਕ ਪੰਜਾਬ ਛੱਡਣ ਨੂੰ ਤਿਆਰ ਨਹੀਂ ਹੋਣਾ। ਜੇ ਉਨ੍ਹਾਂ ਦੇ ਇਕ ਦਫ਼ਾ ਪੰਜਾਬ 'ਚੋਂ ਪੈਰ ਉਖੜ ਗਏ ਤਾਂ ਹਿੰਦੁਸਤਾਨ ਵਿਚ ਕਿਧਰੇ ਵੀ ਟਿਕ ਨਹੀਂ ਸਕਣਗੇ। ਮੁਲਕ ਵਿਚ ਇਨ੍ਹਾਂ ਵਿਰੁੱਧ ਗ਼ਦਰ ਮਚ ਜਾਏਗਾ। ਛਾਉਣੀਆਂ ਵਿਚ ਅੱਗ ਲੱਗ ਜਾਏਗੀ। ਸਾਰੇ ਹਿੰਦੁਸਤਾਨ ਵਿਚ ਅੱਗੇ ਹੀ ਅੰਦਰੋ-ਗਤੀ ਜਵਾਲਾ ਸੁਲਗ ਰਹੀ ਹੈ। ਪਲੀਤਾ ਲਾਉਣ ਦੀ ਦੇਰ ਹੈ। ਵਾਹਿਗੁਰੂ ਨੇ ਇਹ ਸੁਨਹਿਰੀ ਮੌਕਾ ਦਿੱਤਾ ਹੈ, ਸਾਨੂੰ ਇਹਦਾ ਪੂਰਾ ਫ਼ਾਇਦਾ ਉਠਾਣਾ ਚਾਹੀਦਾ ਹੈ।

ਸ਼ੇਰ ਸਿੰਘ : ਬਾਬਾ ਜੀਉ, ਤੁਸੀਂ ਮਹਾਨ ਪੂਜਯ ਪੁਰਸ਼ ਹੋ ! ਮੈਂ ਤੁਹਾਡੀ ਅਜ਼ਮਤ ਤੇ ਸਿਆਸੀ ਸੂਝ ਅੱਗੇ ਸਿਰ ਝੁਕਾਂਦਾ ਹਾਂ। ਮੈਨੂੰ ਝੂਠਾ ਨਾ ਪਵਾਉ। ਮੈਂ



ਜਨਰਲ ਗਫ ਨੂੰ ਬਚਨ ਦੇ ਚੁੱਕਾ ਹਾਂ।

ਚਤਰ ਸਿੰਘ : ਗੋਯਾ ਤੂੰ ਸੰਤ ਮਹਾਰਾਜ ਜੀ ਦੀ ਕੋਈ ਗੱਲ ਮੰਨਣ ਲਈ ਤਿਆਰ ਨਹੀਂ। ਇਨ੍ਹਾਂ ਦੀ ਕੀਤੀ ਕਰਾਈ ਤੇ ਪਾਣੀ ਫੇਰ ਰਿਹਾ ਹੈਂ।

ਸ਼ੇਰ ਸਿੰਘ : ਹਰਗਿਜ਼ ਨਹੀਂ, ਬਾਪੂ ਜੀ। ਮੈਨੂੰ ਚੰਗੀ ਤਰ੍ਹਾਂ ਪਤਾ ਏ, ਇਨ੍ਹਾਂ ਦੀ ਇਖ਼ਲਾਕੀ ਤੇ ਜਿਸਮਾਨੀ ਮਦਦ ਤੋਂ ਬਿਨਾਂ ਚੇਲੀਆਂਵਾਲੀ ਲੜਾਈ ਜਿੱਤੀ ਹੀ ਨਹੀਂ ਜਾ ਸਕਦੀ ਸੀ। ਦਰਅਸਲ ਬਾਬਾ ਜੀ ਹੀ ਮੈਨੂੰ ਮੁਲਤਾਨ ਤੋਂ ਇਥੇ ਲਿਆਏ ਨੇ। ਮੈਂ ਇਨ੍ਹਾਂ ਦਾ ਅਹਿਸਾਨ ਉਮਰ ਭਰ ਨਹੀਂ ਭੁਲਾ ਸਕਦਾ।

ਮਹਾਰਾਜ : ਸ਼ੇਰ ਸਿੰਘ, ਤੂੰ ਪੰਜਾਬ ਦੇ ਭਵਿੱਖ ਬਾਰੇ ਨਹੀਂ ਸੋਚ ਰਿਹਾ। ਜ਼ਰਾ ਸਮਝ ਤੋਂ ਕੰਮ ਲੈ। ਰਾਸ਼ਨ ਅਸਲੋਂ ਖ਼ਤਮ ਹੋ ਚੁੱਕਾ ਹੈ। ਕਿੰਨੇ ਕੁ ਦਿਨ ਸਾਡੇ ਸਿਦਕੀ ਜੁਆਨ ਮੂਲੀਆਂ-ਗਾਜਰਾਂ ਖਾ ਕੇ ਗੁਜ਼ਾਰਾ ਕਰਨਗੇ। ਫਿਰ ਅਸੀਂ ਮੁਸਲਮਾਨੀ ਇਲਾਕੇ ਵਿਚ ਲੜ ਰਹੇ ਹਾਂ। ਜੇ ਇਹੋ ਜਿਹੀ ਜਿੱਤ ਅਸੀਂ ਮਾਝੇ ਦੁਆਬੇ ਵਿਚ ਪ੍ਰਾਪਤ ਕੀਤੀ ਹੁੰਦੀ ਤਾਂ ਫ਼ਰੰਗੀਆਂ ਦਾ ਬੋਰੀਆ-ਬਿਸਤਰਾ ਹਿੰਦੁਸਤਾਨ ਭਰ ਵਿਚੋਂ ਗੋਲ ਕਰ ਦਿੰਦੇ। ਇਥੋਂ ਦੇ ਲੋਕ ਦਿਲੋਂ ਸਾਡੇ ਦੋਖੀ ਨੇ। ਫ਼ਰੰਗੀ ਨੂੰ ਸੂਹਾਂ ਦਿੰਦੇ ਹੋਣਗੇ। ਸਾਨੂੰ ਇਹ ਲੜਾਈ ਲਮਕਾਣੀ ਚਾਹੀਦੀ ਹੈ ਤਾਂ ਜੋ ਥਾਂ ਪਰ ਥਾਂ ਪੰਜਾਬੀ ਉਠ ਖੜ੍ਹੇ ਹੋਣ। ਸਾਡੀ ਇਸ ਜਿੱਤ ਦੀ ਫ਼ਰੰਗੀ ਨੇ ਧੂੰ ਨਹੀਂ ਕੱਢਣੀ, ਸਗੋਂ ਉਲਟ ਪਰਚਾਰ ਕਰ ਰਿਹਾ ਹੋਵੇਗਾ। ਅਫ਼ਵਾਹਾਂ ਫੈਲਾ ਕੇ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੋਵੇਗਾ। ਯਾਦ ਰੱਖ ! ਲੜਾਈ ਵਿਚ ਦੁਸ਼ਮਣ ਨੂੰ ਮੁਆਫ਼ ਕਰ ਕੇ ਦੂਜੀ ਦਫ਼ਾ ਧੋਖਾ ਦੇਣ ਦਾ ਮੌਕਾ ਨਹੀਂ ਦੇਣਾ ਚਾਹੀਦਾ। ਅੱਜ ਦਾ ਵਕਤ ਹੱਥੋਂ ਗੁਆ ਕੇ ਤੂੰ ਸਾਰੀ ਉਮਰ ਪਛਤਾਵੇ ਦੀ ਚਿਤਾ ਵਿਚ ਸੜੇਂਗਾ।

[ਗੁੱਸੇ ਨਾਲ ਤੁਰ ਪੈਂਦਾ ਹੈ।]

ਸ਼ੇਰ ਸਿੰਘ : ਸੰਤ ਬਾਬਾ ਜੀ, ਮੇਰੇ ਨਾਲ ਨਾਰਾਜ਼ ਹੋ ਕੇ ਨਾ ਜਾਓ। ਅੱਜ ਦੀ ਰਾਤ ਮੇਰੀ ਭੁੱਲ ਬਖ਼ਸ਼ੋ। ਭਲਕੇ ਜੋ ਕਹੋਗੇ ਸਿਰ ਮੱਥੇ ਮੰਨਾਂਗਾ।

ਮਹਾਰਾਜ : ਸ਼ੇਰ ਸਿੰਘ, ਆਖ਼ਰੀ ਵਾਰ ਤੈਨੂੰ ਅਗਾਹ ਕਰ ਰਿਹਾਂ। ਯਾਦ ਰੱਖ, ਇਹ ਵਕਤ ਤੈਨੂੰ ਮੁੜ ਕਦੇ ਹੱਥ ਨਹੀਂ ਲਗਣਾ। ਜੇ ਅਸੀਂ ਅੱਜ ਜਿੱਤ ਦੀ ਸੂਰਤ ਵਿਚ ਕੁਝ ਨਾ ਕੀਤਾ, ਆਉਣ ਵਾਲੀਆਂ ਔਲਾਦਾਂ ਸਾਨੂੰ ਫਟਕਾਰਨਗੀਆਂ। ਚੰਦ ਮਿੰਟਾਂ ਦੀ ਢਿੱਲ ਨੇ ਨਪੋਲੀਅਨ ਨੂੰ ਵਾਟਰਲੂ ਦੇ ਸਥਾਨ ਤੇ ਹਾਰ ਦਿਵਾਈ ਸੀ। ਪਛਤਾਵੇ ਤੇ ਵਿਸ਼ਾਦ ਦੀ ਹਾਲਤ ਵਿਚ ਉਸ ਨੇ ਕਿਹਾ ਸੀ, 'ਮੈਂ ਇਕ ਜੰਗ ਹਾਰ ਸਕਦਾਂ, ਪਰ ਇਕ ਮਿੰਟ

ਦਾ ਵਕਤ ਨਹੀਂ ਗੁਆ ਸਕਦਾ।'

[ਮਹਾਰਾਜ ਸਿੰਘ ਚਲਾ ਜਾਂਦਾ ਹੈ।]

ਚਤਰ ਸਿੰਘ : ਸ਼ੇਰ ਸਿੰਘ, ਤੂੰ ਬਹੁਤ ਮਾੜਾ ਕੰਮ ਕੀਤੈ। ਪੰਜਾਬ ਦੀ ਮਹਾਨ ਸ਼ਖ਼ਸੀਅਤ ਨੂੰ ਨਾਰਾਜ਼ ਕਰ ਦਿੱਤੈ।

ਸ਼ੇਰ ਸਿੰਘ : ਬਾਪੂ ਜੀ, ਮੈਂ ਜਨਰਲ ਗਫ਼ ਨੂੰ ਬਚਨ ਦੇ ਚੁੱਕਾ ਹਾਂ ਕਿ ਅੱਜ ਦੀ ਰਾਤ ਹਾਰੀ ਹੋਈ ਫ਼ਰੰਗੀ ਫ਼ੌਜ ਤੇ ਹੱਲਾ ਨਹੀਂ ਕਰਾਂਗਾ।

ਚਤਰ ਸਿੰਘ : (ਗੁੱਸੇ ਨਾਲ) ਮੁੜ ਘਿੜ ਇਕੋ ਰਟ। ਚੰਗਾ ਫੇਰ ਤੇਰੀ ਮਰਜ਼ੀ। ਆਪਣੀ ਕੀਤੀ ਆਪ ਭੁਗਤੀਂ। (ਮੁੜ ਕੇ) ਤੂੰ ਭੁੱਲ ਗਿਆ ਹੈਂ ਭਾਈ ਮਹਾਰਾਜ ਸਿੰਘ ਦੀ ਮਦਦ ਤੋਂ ਬਿਨਾਂ ਤੂੰ ਚੇਲੀਆਂਵਾਲੀ ਲੜਾਈ ਨਹੀਂ ਸੀ ਜਿੱਤ ਸਕਦਾ।

[ਚਤਰ ਸਿੰਘ ਵੀ ਗੁੱਸੇ ਨਾਲ ਜਾਂਦਾ ਹੈ।]

ਸ਼ੇਰ ਸਿੰਘ : (ਆਪਣੇ ਆਪ) ਐਲੇ ਦੇ ਦੇਰ ਪਾ ਅਸਰ ਵਾਂਗੂੰ ਕਿਤੇ ਬਜ਼ੁਰਗਾਂ ਦੀਆਂ ਗੱਲਾਂ ਸੱਚ ਨਾ ਹੋਣ। ਦੋਵੇਂ ਮੇਰੇ ਸ਼ੁਭਚਿੰਤਕ ਨੇ, ਦੋਖੀ ਤਾਂ ਨਹੀਂ। ਅੱਛਾ, ਮੈਂ ਦੋ ਘੁੱਟ ਪੀ ਕੇ ਹੁਣੇ ਫ਼ੈਸਲਾ ਕਰਦਾ ਹਾਂ।

[ਬੋਤਲ ਨੂੰ ਮੂੰਹ ਲਾ ਕੇ ਗਟ ਗਟ ਪੀਂਦਾ ਹੈ ਅਤੇ ਲੜਖੜਾਂਦਾ ਤੁਰ ਪੈਂਦਾ ਹੈ।]



## ਅੰਕ ਪੰਜਵਾਂ

ਸਥਾਨ : ਲਾਹੌਰ ਸ਼ਾਹੀ ਕਿਲ੍ਹਾ, ਰੈਜ਼ੀਡੈਂਟ ਦਾ ਦਫਤਰ।

ਸਮਾਂ : 20 ਜਨਵਰੀ 1849

ਵਕਤ : ਸ਼ਾਮ

ਪਿਛੋਕੜ ਤੋਂ ਗਾਣਾ :

ਹੁਕਮ ਗਫ਼ ਕੀਤਾ ਲਸ਼ਕਰ ਆਪਣੇ ਨੂੰ
ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ
ਸਿੰਘਾਂ ਮਾਰ ਕੇ ਕਟਕ ਮੁਕਾਏ ਦਿੱਤੇ
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ
ਲੰਦਨ ਟਾਪੂਆਂ ਵਿਚ ਕੁਰਲਾਟ ਮੱਚੀ
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ
ਸ਼ਾਹ ਮੁਹੰਮਦ ਲਾਟ ਹੁਣ ਕਹਿਣ ਲੱਗਾ
ਰਤ ਸਿੰਘ ਸਿਪਾਹੀ ਦੀ ਚੱਖਣੀ ਜੀ

[ਰੈਜ਼ੀਡੈਂਟ ਫ਼ਰੈਡਰਿਕ ਕਿਊਰੀ ਦੇ ਦਫਤਰ ਵਿਚ ਬੈਠੇ, ਉਸ ਦੇ ਦੋ ਸਲਾਹਕਾਰ ਚਿੰਤਾ ਵਿਚ ਡੁੱਬੇ ਗੱਲਾਂ ਕਰ ਰਹੇ ਹਨ।]

ਈਲੀਅਟ : ਬਿਲਕੁਲ ਠੀਕ, ਚੇਲੀਆਂਵਾਲੀ ਲੜਾਈ ਦੀ ਹਾਰ ਕੰਪਨੀ ਦੇ ਵਕਾਰ ਲਈ ਭਾਰੀ ਧੱਕਾ ਹੈ।

ਐਡਵਰਡਜ਼ : ਇਹ ਤਾਂ ਅਫ਼ਗਾਨਿਸਤਾਨ ਦੇ ਡਿਜ਼ਾਸਟਰ ਨਾਲੋਂ ਵੀ ਬਦਤਰ ਸਾਬਤ ਹੋਈ ਹੈ।

ਈਲੀਅਟ : ਇਸ ਵਿਚ ਕੋਈ ਸ਼ੱਕ ਨਹੀਂ। ਇੰਗਲੈਂਡ ਵਿਚ ਤਾਂ ਹਾਹਾਕਾਰ ਮਚ ਗਈ ਹੈ। ਹਾਊਸ ਆਫ਼ ਕਾਮਨ ਵਿਚ ਭਾਰੀ ਸ਼ੋਰ-ਸ਼ਰਾਬਾ ਹੋਇਆ ਹੈ।

ਐਡਵਰਡਜ਼ : ਹੋਣਾ ਹੀ ਸੀ, ਐਡੀ ਭਾਰੀ ਡੀਫ਼ੀਟ ਤਾਂ ਸਾਨੂੰ ਹਿੰਦੁਸਤਾਨ ਭਰ ਵਿਚ ਨਹੀਂ ਹੋਈ।

ਈਲੀਅਟ : ਮਗਰ ਇਸ ਹਾਰ ਦਾ ਜ਼ਿੰਮੇਵਾਰ ਮਿਸਟਰ ਕਿਊਰੀ ਨੂੰ ਠਹਿਰਾਇਆ ਜਾ ਰਿਹਾ ਹੈ।

ਐਡਵਰਡਜ਼ : ਇਸ ਵਿਚ ਕਿਆ ਸ਼ੱਕ ਹੈ ।

ਈਲੀਅਟ : ਬਿਲਕੁਲ ਗ਼ਲਤ ਹੈ । ਅਸਲ ਜ਼ਿੰਮੇਵਾਰ ਤੋ ਗਵਰਨਰ ਜਨਰਲ ਹੈ।

ਐਡਵਰਡਜ਼: ਉਹ ਕੈਸੇ ?

ਈਲੀਅਟ : ਡਲਹੌਜ਼ੀ ਸ਼ੁਰੂ ਤੋਂ ਲਾਰੰਸ ਦੀ ਲਿਬਰਲ ਪਾਲਿਸੀ ਦੇ ਖ਼ਿਲਾਫ਼ ਰਿਹਾ ਹੈ। ਲਾਰੰਸ ਪ੍ਰੋਟੈਸਟ ਦੇ ਤੌਰ 'ਤੇ ਫਰਲੋ 'ਤੇ ਗਿਆ ਸੀ ।

ਐਡਵਰਡਜ਼ : ਸਖ਼ਤ ਕੰਮ ਕਾਰਨ ਸਿਹਤ ਦੀ ਖ਼ਰਾਬੀ ਕਰਕੇ ਗਿਆ ਹੈ ।

ਈਲੀਅਟ : ਅਗਰ ਉਹ ਫਰਲੋ ਪਰ ਨਾ ਜਾਂਦੇ ਤਾਂ ਮੂਲ ਰਾਜ ਬਗ਼ਾਵਤ ਕਰਨ 'ਤੇ ਮਜਬੂਰ ਨਾ ਹੁੰਦਾ ਔਰ ਨਾ ਸ਼ੇਰ ਸਿੰਘ ਨੂੰ ਮੁਲਤਾਨ ਭੇਜਣ ਦਾ ਮੌਕਾ ਪੈਦਾ ਹੁੰਦਾ ।

ਐਡਵਰਡਜ਼ : ਮਗਰ ਸ਼ੇਰ ਸਿੰਘ ਨੂੰ ਵੀ ਬਾਗੀ ਕਰਨ ਦਾ ਜ਼ਿੰਮੇਵਾਰ ਮਹਾਰਾਜ ਸਿੰਘ ਹੈ।

ਈਲੀਅਟ : ਸ਼ਾਇਦ ਉਥੋਂ ਤੱਕ ਨੌਬਤ ਨਾ ਪਹੁੰਚਦੀ ਅਗਰ ਬੇਕਾਬੂ ਐਬਟ ਚਤਰ ਸਿੰਘ ਅਟਾਰੀ ਦਾ ਨੱਕ ਵਿਚ ਦਮ ਨਾ ਕਰਦਾ ।

ਐਡਵਰਡਜ਼ : ਚਤਰ ਸਿੰਘ ਦੀ ਬਗਾਵਤ ਦਾ ਹੋਰ ਸਬਬ ਵੀ ਹੈ ।

ਈਲੀਅਟ : ਉਹ ਕਿਆ ਹੈ ?

ਐਡਵਰਡਜ਼: ਗਵਰਨਰ ਜਨਰਲ ਨੇ ਸ਼ੇਰ ਸਿੰਘ ਦੀ ਬਹਿਣ ਦੀ ਸ਼ਾਦੀ ਦਲੀਪ ਸਿੰਘ ਨਾਲ ਨਹੀਂ ਹੋਣ ਦਿੱਤੀ ।

ਈਲੀਅਟ : ਵੈਸੇ ਵੀ ਚਤਰ ਸਿੰਘ ਤਜਰਬੇਕਾਰ ਸ਼ਖ਼ਸ ਹੈ ।

ਐਡਵਰਡਜ਼: ਉਸ ਨਾਲ ਕੁਛ ਫ਼ਰਕ ਨਹੀਂ ਪਿਆ । ਚਤਰ ਸਿੰਘ ਦੀ ਫ਼ੋਜ ਜਿਹਲਮ ਪਹੁੰਚਣ ਤੋਂ ਪਹਿਲਾਂ ਹੀ ਚੇਲੀਆਂਵਾਲੀ ਲੜਾਈ ਵਿਚ, ਸਾਨੂੰ ਡੀਫ਼ੀਟ ਹੋ ਚੁੱਕੀ ਸੀ । ਸਾਰੀ ਸ਼ਰਾਰਤ ਦੀ ਜੜ੍ਹ ਤੋ ਮਹਾਰਾਜ ਸਿੰਘ ਹੈ।

ਈਲੀਅਟ : ਕੁਛ ਵੀ ਹੈ ਜਨਰਲ ਹੀਊ ਗਫ਼ ਦੀ ਉਮਰ ਭਰ ਦੀ ਇੱਜ਼ਤ ਮਿੱਟੀ ਵਿਚ ਮਿਲ ਗਈ ਹੈ ।

ਐਡਵਰਡਜ਼ : ਤਾਂ ਹੀ ਕੰਪਨੀ ਨੇ ਉਸ ਨੂੰ ਵਾਪਸ ਬੁਲਾ ਲਿਆ ਹੈ ।

ਈਲੀਅਟ : ਉਸ ਦੀ ਜਗ੍ਹਾ ਕੌਣ ਭੇਜਿਆ ਜਾ ਰਿਹੈ ?

ਐਡਵਰਡਜ਼: ਚਾਰਲਸ ਨੇਪੀਅਰ ।

ਈਲੀਅਟ : ਗੁਡ ਚੋਇਸ । ਨੇਪੀਅਰ ਨੇ ਸਿੰਧ ਸਟੇਟ ਨੂੰ ਅੰਗਰੇਜ਼ੀ ਹਕੂਮਤ ਵਿਚ ਸ਼ਾਮਲ ਕਰ ਕੇ ਭਾਰੀ ਨਾਮਣਾ ਖਟਿਆ ਸੀ ।

ਐਡਵਰਡਜ਼ : ਇਸ ਤੋਂ ਵੀ ਭਾਰੀ ਤਬਦੀਲੀ ਹੋਣ ਲੱਗੀ ਹੈ ।

ਈਲੀਅਟ : ਉਹ ਕਿਹੜੀ ?

ਐਡਵਰਡਜ਼ : ਹੈਨਰੀ ਲਾਰੰਸ ਨੂੰ ਕੰਪਨੀ ਵਾਪਸ ਪੰਜਾਬ ਭੇਜ ਰਹੀ ਹੈ ।

ਈਲੀਅਟ : ਵਟ ਡੂ ਯੂ ਸੇ ! ਇਹ ਨਹੀਂ ਹੋ ਸਕਦਾ ।

ਐਡਵਰਡਜ਼ : ਕਿਉਂ ਨਹੀਂ ਹੋ ਸਕਦਾ ।



ਈਲੀਅਟ : ਕੰਪਨੀ ਨੂੰ ਅੱਛੀ ਤਰ੍ਹਾਂ ਪਤਾ ਹੈ ਲਾਰੰਸ ਦੀ ਸਿਆਸੀ ਪਾਲਿਸੀ ਡਲਹੌਜ਼ੀ ਦੇ ਐਨ ਉਲਟ ਹੈ ।

[ਰੈਜ਼ੀਡੈਂਟ ਕਿਊਰੀ ਆਉਂਦਾ ਹੈ । ਦੋਵੇਂ ਸਲਾਹਕਾਰ ਉਠ ਖੜ੍ਹੇ ਹੁੰਦੇ ਹਨ ਅਤੇ ਗੁਡ ਈਵਨਿੰਗ ਕਹਿੰਦੇ ਹਨ ।]

ਐਡਵਰਡਜ਼ : ਸਰ, ਕੋਈ ਤਾਜ਼ਾ ਖ਼ਬਰ ਹੈ ?

ਕਿਊਰੀ : ਹਾਂ ਹੈ, ਬਹੁਤ ਸੀਰੀਅਸ ।

ਈਲੀਅਟ : ਸਰ ਉਹ ਕਿਆ ? ਪੁਛ ਸਕਦੇ ਹਾਂ ?

ਕਿਊਰੀ : ਚੇਲੀਆਂਵਾਲੀ ਲੜਾਈ ਦੀ ਸ਼ਿਕੱਸਤ ਦਾ ਜ਼ਿੰਮੇਵਾਰ ਮੈਨੂੰ ਠਹਿਰਾਇਆ ਗਿਆ ਹੈ ।

ਐਡਵਰਡਜ਼ : ਸਰ, ਕਿਸ ਬਨਾ 'ਤੇ ?

ਕਿਊਰੀ : ਕਿਉਂਕਿ ਮੈਂ ਮਹਾਰਾਜ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿਚ ਨਾ-ਕਾਮਯਾਬ ਰਿਹਾ ਹਾਂ ।

ਈਲੀਅਟ : ਐਬਸਰਡ, ਤੁਸੀਂ ਪੂਰੀ ਵਾਹ ਲਾਈ ਹੈ ;

ਕਿਊਰੀ : ਦੂਜਾ ਇਲਜ਼ਾਮ, ਮੈਂ ਐਬਟ ਨੂੰ ਕਾਬੂ ਵਿਚ ਨਹੀਂ ਰੱਖ ਸਕਿਆ ਵਰਨਾ ਚਤਰ ਸਿੰਘ ਅਟਾਰੀ ਬਗ਼ਾਵਤ ਕਰਨ 'ਤੇ ਮਜਬੂਰ ਨਾ ਹੁੰਦਾ।

ਈਲੀਅਟ : ਸਰ, ਤੁਸੀਂ ਉਸ ਨੂੰ ਬਦਲਣ ਲਈ ਪੂਰਾ ਜ਼ੋਰ ਲਗਾਇਆ ਸੀ, ਪਰ ਗਵਰਨਰ ਜਨਰਲ ਨਹੀਂ ਸਨ ਮੰਨੇ ।

ਐਡਵਰਡਜ਼: ਸਰ, ਦਰਅਸਲ ਲੜਾਈ ਵਿਚ ਹਾਰ ਦੀ ਸੂਰਤ ਵਿਚ ਹਰ ਇਕ ਗੁਨਾਹਗਾਰ ਬਣ ਜਾਂਦਾ ਹੈ ।

ਈਲੀਅਟ : ਔਰ ਫ਼ਤਿਹ ਦੀ ਹਾਲਤ ਵਿਚ ਹਰ ਇਕ ਆਪਣੇ ਆਪ ਨੂੰ ਸ਼ਾਬਾਸ਼ ਦਾ ਹੱਕਦਾਰ ਸਮਝਦਾ ਹੈ ।

ਐਡਵਰਡਜ਼ : ਸਰ, ਹੁਣ ਸਾਡਾ ਅਗਲਾ ਪ੍ਰੋਗਰਾਮ ਕਿਆ ਹੈ ?

ਕਿਊਰੀ : ਬਲੱਡੀ ਫੂਲ ਸ਼ੇਰ ਸਿੰਘ ਦਾ ਦਿਮਾਗ਼ ਟਿਕਾਣੇ ਲਿਆਉਣ ਲਈ ਭਾਰੀ ਫ਼ੋਰਸ ਭੇਜੀ ਜਾ ਰਹੀ ਹੈ ।

ਈਲੀਅਟ : ਸਰ, ਪਤਾ ਲੱਗਾ ਹੈ ਕਿ ਰਾਤ ਉਸ ਨੇ ਕੋਈ ਡਸਪੈਚ ਭੇਜਿਆ ਹੈ ।

ਕਿਊਰੀ : ਹਾਂ, ਦੋ ਅੰਗਰੇਜ਼ ਫ਼ੌਜੀ ਅਫ਼ਸਰ ਮੇਰੇ ਪਾਸ ਖ਼ਤ ਦੇ ਕੇ ਭੇਜੇ ਹਨ ।

ਐਡਵਰਡਜ਼ : ਵਟ ਵਟ ਸਰ ! ਅੰਗਰੇਜ਼ੀ ਫ਼ੌਜੀ ਅਫ਼ਸਰ ? ਉਹ ਕੈਸੇ ?

ਕਿਊਰੀ : ਉਹ ਚੇਲੀਆਂਵਾਲੀ ਲੜਾਈ ਵਿਚੋਂ ਫੜੇ ਗਏ ਸਨ । ਇਸ ਸ਼ਰਤ 'ਤੇ ਰਿਹਾ ਕੀਤੇ ਗਏ ਕਿ ਉਹ ਖ਼ਤ ਮੇਰੇ ਤੱਕ ਪਹੁੰਚਾਣਗੇ ।

ਐਡਵਰਡਜ਼ : ਸਰ, ਸ਼ੇਰ ਸਿੰਘ ਕਿਆ ਲਿਖਤਾ ਹੈ ?

ਕਿਊਰੀ : ਈਡੀਅਟ ਲਿਖਦਾ ਹੈ ਆਪਣੇ ਆਪ ਲਾਹੌਰ ਖ਼ਾਲੀ ਕਰ ਦਿਉ ਵਰਨਾ ਮਾਰ ਮਾਰ ਕੇ ਪੰਜਾਬ ਵਿਚੋਂ ਕੱਢੇ ਜਾਉਗੇ ।

ਈਲੀਅਟ : (ਗਰਮ ਹੁੰਦਾ ਹੋਇਆ) ਬਲੱਡੀ ਫੂਲ ਨੂੰ ਅਜੇ ਤੱਕ ਅੰਗਰੇਜ਼ੀ ਫ਼ੌਜ ਦੇ ਹੱਥ ਨਹੀਂ ਲੱਗੇ।

ਐਡਵਰਡਜ਼ : ਜਿੱਤ ਨੇ ਉਸ ਦਾ ਦਿਮਾਗ਼ ਖ਼ਰਾਬ ਕਰ ਦਿੱਤਾ ਹੈ ।

ਕਿਊਰੀ : ਉਸਦੀ ਤਾਕਤ ਦਾ ਰਾਜ ਰੂਹਾਨੀ ਸ਼ਖ਼ਸ ਮਹਾਰਾਜ ਸਿੰਘ ਹੈ । ਉਸ ਦੇ ਇਸ਼ਾਰੇ 'ਤੇ ਹਰ ਪੰਜਾਬੀ ਮਰ ਮਿਟਣ ਲਈ ਤਿਆਰ ਹੈ । ਉਸ ਨੂੰ ਕਦੇ ਇਮਦਾਦ ਦੀ ਥੁੜ ਨਹੀਂ ਹੁੰਦੀ ।

ਐਡਵਰਡਜ਼ : ਅੰਦਰੋ-ਗਤੀ ਦਰਬਾਰ ਦੇ ਮੈਂਬਰ ਵੀ ਉਸ ਨਾਲ ਹਮਦਰਦੀ ਰੱਖਦੇ ਨੇ ।

ਕਿਊਰੀ : ਬਿਲਕੁਲ ਦਰੁਸਤ ਹੈ ।

ਈਲੀਅਟ : ਸਰ, ਮਹਾਰਾਜ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਹੋਰ ਫ਼ੋਰਸ ਤਾਇਨਾਤ ਕਰਨੀ ਚਾਹੀਦੀ ਹੈ ।

ਕਿਊਰੀ : ਮੁਕੰਮਲ ਜ਼ੋਰ ਲਗਾ ਰਹੇ ਹਾਂ । ਭੈਰੋਵਾਲ ਦੇ ਐਗਰੀਮੈਂਟ ਤੋਂ ਬਾਅਦ ਹਰ ਸਾਜ਼ਿਸ਼ ਪਿੱਛੇ ਉਸ ਦਾ ਹੱਥ ਰਿਹਾ ਹੈ ।

ਐਡਵਰਡਜ਼ : ਸਰ, ਪਰਮਾ ਸਾਜ਼ਿਸ਼ ਕੇਸ ਵਿਚ ਸਰਾਸਰ ਉਸ ਦੀ ਸ਼ਹਿ ਸੀ ।

ਈਲੀਅਟ : ਸਰ, ਰੱਬ ਦਾ ਸ਼ੁਕਰ ਕਰੋ ਐਨ ਵਕਤ ਸਿਰ ਸਾਜ਼ਿਸ਼ ਨੰਗੀ ਹੋ ਗਈ, ਵਰਨਾ ਸਭ ਕੁਛ ਤਹਿਸ-ਨਹਿਸ ਹੋ ਜਾਣਾ ਸੀ । ਦਰ-ਅਸਲ ਇਹ ਸਾਜ਼ਿਸ਼ ਹੈਨਰੀ ਲਾਰੰਸ ਔਰ ਤੇਜ ਸਿੰਘ ਨੂੰ ਖ਼ਤਮ ਕਰਨ ਦੀ ਸੀ ।

ਕਿਊਰੀ : ਫਿਰ ਤਾਂ ਬਹੁਤ ਭਾਰੀ ਮੁਸੀਬਤ ਖੜ੍ਹੀ ਹੋ ਜਾਣੀ ਸੀ ।

ਐਡਵਰਡਜ਼ : ਸਰ, ਵੈਸੇ ਤਾਂ ਨਮੋਸ਼ੀ ਵਾਲੀ ਬਾਤ ਹੈ, ਤਿੰਨ ਸਾਲਾਂ ਤੋਂ ਅਸੀਂ ਮਹਾਰਾਜ ਸਿੰਘ ਨੂੰ ਕਾਬੂ ਨਹੀਂ ਕਰ ਸਕੇ ।

ਈਲੀਅਟ : ਸਰ, ਭਾਰੀ ਹੈਰਾਨੀ ਦੀ ਬਾਤ ਹੈ, ਇੰਨੀ ਫ਼ੋਰਸ ਔਰ ਚੌਕਸੀ ਦੇ ਬਾਵਜੂਦ ਉਹ ਜਿਹਲਮ ਕਿਸ ਤਰ੍ਹਾਂ ਪਹੁੰਚ ਗਿਆ ਹੈ ।

ਕਿਊਰੀ : ਮੇਜਰ ਕੋਕਸ ਸਭ ਸੀਧੇ ਰਸਤੇ ਰੋਕੀ ਬੈਠਾ ਰਿਹਾ । ਉਹ ਲੰਮਾ ਰਸਤਾ ਤੈਅ ਕਰ ਕੇ ਜੰਮੂ ਦੀਆਂ ਪਹਾੜੀਆਂ ਦੇ ਨਾਲ ਨਾਲ ਨਿਕਲ ਗਿਆ । ਦਰਅਸਲ ਉਸ ਰੂਹਾਨੀ ਪੁਰਸ਼ ਵਿਚ ਬਹੁਤ ਖ਼ੂਬੀਆਂ ਹੈਨ । ਹਿੰਦੁਸਤਾਨੀ ਵੈਸੇ ਵੀ ਰੂਹਾਨੀ ਆਦਮੀ ਦੀ ਬੇਹੱਦ ਇੱਜ਼ਤ ਕਰਦੇ ਹਨ । ਲੋਕ ਜਾਨ-ਮਾਲ ਦੀ ਵੀ ਪਰਵਾਹ ਨਹੀਂ ਕਰਦੇ । ਉਹ ਬਹੁਤ ਚੁਸਤ, ਹੁਸ਼ਿਆਰ ਔਰ ਦੂਰ-ਅੰਦੇਸ਼ ਹੈ ।

ਐਡਵਰਡਜ਼ : ਸਰ, ਬਿਲਕੁਲ ਠੀਕ ਹੈ, ਜੇਕਰ ਉਹ ਚੇਲੀਆਂਵਾਲੀ ਲੜਾਈ ਵਿਚ ਸ਼ੇਰ ਸਿੰਘ ਦਾ ਸਾਥ ਨਾ ਦਿੰਦਾ ਤਾਂ ਸਾਨੂੰ ਕਦੇ ਸ਼ਿਕੱਸਤ ਨਾ ਹੁੰਦੀ ।



[ਇਕ ਅਰਦਲੀ ਅੰਦਰ ਆਉਂਦਾ ਹੈ ।]

ਅਰਦਲੀ :( ਝੁਕ ਕੇ) ਸਰ, ਕਲਕੱਤੇ ਤੋਂ ਏਲਚੀ ਖ਼ਤ ਲਿਆਇਆ ਹੈ ।

ਕਿਊਰੀ : ਫ਼ੌਰਨ ਪੇਸ਼ ਕਰੋ ।

[ਏਲਚੀ ਅੰਦਰ ਆਉਂਦਾ ਹੈ । ਝੁਕ ਕੇ ਸਲਾਮ ਕਰਦਾ ਹੈ ਅਤੇ ਇਕ ਲਿਫ਼ਾਫ਼ਾ ਪੇਸ਼ ਕਰਦਾ ਹੈ । ਕਿਊਰੀ ਲਿਫ਼ਾਫ਼ਾ ਖੋਲ੍ਹ ਕੇ ਪੜ੍ਹਦਾ ਹੈ ।]

ਐਡਵਰਡਜ਼ : ਸਰ, ਕੋਈ ਖ਼ਾਸ ਪੈਗ਼ਾਮ ਹੈ ।

ਕਿਊਰੀ : ਹਾਂ ! ਗਵਰਨਰ ਜਨਰਲ ਇਕ ਦੋ ਦਿਨਾਂ ਅੰਦਰ ਲਾਹੌਰ ਪਹੁੰਚਣੇ ਵਾਲੇ ਹੈਂ ।

ਈਲੀਅਟ : ਸਰ, ਕਿਸ ਮਤਲਬ ਲਈ ?

ਕਿਊਰੀ : ਉਹ ਖ਼ੁਦ ਸ਼ੇਰ ਸਿੰਘ ਦੇ ਖ਼ਿਲਾਫ਼ ਮੁਹਿਮ ਦੀ ਨਿਗਰਾਨੀ ਕਰਨਗੇ ।

ਐਡਵਰਡਜ਼ : ਸਰ, ਇਹ ਤਾਂ ਅੱਛੀ ਖ਼ਬਰ ਹੈ । ਅਗਰ ਸ਼ੇਰ ਸਿੰਘ ਨੂੰ ਨਾ ਰੋਕਿਆ ਗਿਆ ਤਾਂ ਹਿੰਦੁਸਤਾਨ ਭਰ ਵਿਚੋਂ ਸਾਡੇ ਪੈਰ ਉਖੜ ਜਾਣਗੇ ।

ਈਲੀਅਟ : ਸਾਨੂੰ ਸਭ ਨੂੰ ਅੱਡੀ ਚੋਟੀ ਦਾ ਜ਼ੋਰ ਲਗਾਣਾ ਚਾਹੀਦਾ ਹੈ ।

ਕਿਊਰੀ : ਇਸ ਵਿਚ ਕੋਈ ਸ਼ੱਕ ਨਹੀਂ । ਤਮਾਮ ਆਹਲਾ ਅਫ਼ਸਰਾਂ ਔਰ ਸਲਾਹ-ਕਾਰਾਂ ਦੀ ਜਲਦ ਇਕ ਮੀਟਿੰਗ ਬੁਲਾਉ ।

[ਕਿਊਰੀ ਉਠ ਕੇ ਚਲਾ ਜਾਂਦਾ ਹੈ । ਦੋਵੇਂ ਸਲਾਹਕਾਰ ਵੀ ਕਮਰੇ ਤੋਂ ਬਾਹਰ ਨੀਵੀਂ ਪਾਈ ਨਿਕਲ ਜਾਂਦੇ ਹਨ ।]

## ਅੰਕ ਛੇਵਾਂ

ਸਥਾਨ : ਰਾਵਲਪਿੰਡੀ ਲਾਗੇ ਕੈਂਪ

ਸਮਾਂ : 23 ਫ਼ਰਵਰੀ 1849

ਵਕਤ : ਡੂੰਘੀ ਸ਼ਾਮ

ਪਿਛੋਕੜ ਤੋਂ ਗਾਣਾ :

ਧਾਹਾਂ ਮਾਰੀਆਂ ਸਿੰਘ ਸਿਪਾਹੀਆਂ ਨੇ
ਜਦੋਂ ਵਿਚ ਗੁਜਰਾਤ ਹਥਿਆਰ ਸੁੱਟੇ
ਅਜ ਮੋਇਆ ਰਣਜੀਤ ਸਿੰਘ ਸਭ ਆਖਣ
ਨਾਮ ਗ਼ੁਲਾਮੀ ਦੇ ਉਨ੍ਹਾਂ ਦੇ ਸਾਹ ਸੁੱਕੇ
ਲੰਮੇ ਕਾਲ ਪਿਛੋਂ ਸੁੱਖ ਦਾ ਸਾਹ ਆਇਆ
ਕਾਰੇ ਗ਼ਦਾਰਾਂ ਦੇ ਅਜ਼ਾਦੀ ਦੇ ਦਿਨ ਮੁੱਕੇ
ਮਹਾਰਾਜ ਕਹਿੰਦਾ ਸਿਰਾਂ ਦੀ ਲਾਉ ਬਾਜ਼ੀ
ਅੰਤਮ ਵਾਰ ਕਰੀਏ, ਮਾਂ ਦੇ ਬੰਧਨ ਟੁੱਟੇ ।

[ਇਕ ਆਰਜ਼ੀ ਖ਼ੈਮੇ ਸਾਹਮਣੇ ਦਰਜਨ ਦੇ ਕਰੀਬ ਫ਼ੌਜੀ ਜਵਾਨ ਬੈਠੇ ਹਨ ।

ਮਹਾਰਾਜ ਸਿੰਘ ਤੰਬੂ ਅੰਦਰੋਂ ਬੜੀ ਗੰਭੀਰਤਾ ਨਾਲ ਨਿਕਲਦਾ ਹੈ । ਸਭ ਅਦਬ ਨਾਲ ਸਿਰ ਝੁਕਾਂਦੇ ਅਤੇ ਸਤਿ ਸ੍ਰੀ ਅਕਾਲ ਬੁਲਾਂਦੇ ਹਨ ।]

ਮਹਾਰਾਜ : ਬਹਾਦਰ ਪੰਜਾਬੀ ਸਿੰਘੋ, ਇਕ ਅਤੀ ਜ਼ਰੂਰੀ ਗੁਰਮਤਾ ਪਾਸ ਕਰਨ ਲਈ ਮੈਂ ਤੁਹਾਨੂੰ ਇਥੇ ਸੱਦਿਆ ਹੈ ।

ਆਵਾਜ਼ਾਂ : ਪੂਜਯ ਬਾਬਾ ਜੀ; ਹੁਕਮ ਕਰੋ, ਤੁਹਾਡੇ ਇਸ਼ਾਰੇ ਤੇ ਅਸੀਂ ਜਾਨਾਂ ਵਾਰਨ ਨੂੰ ਤਿਆਰ ਬੈਠੇ ਹਾਂ ।

ਮਹਾਰਾਜ : ਸ਼ਾਬਾਸ਼ ! ਮੈਨੂੰ ਤੁਹਾਥੋਂ ਇਹੋ ਆਸ ਹੈ । ਸੂਰਮੇ ਪੰਜਾਬੀਓ, ਬਹੁਤਿਆਂ ਨੂੰ ਇਸ ਭੇਦ ਦਾ ਪਤਾ ਨਹੀਂ ਕਿ ਸਭਰਾਵਾਂ ਦੀ ਲੜਾਈ ਵਿਚ ਸਾਡੇ ਜਵਾਨਾਂ ਨੇ ਬਾਕਾਇਦਾ ਹਥਿਆਰ ਨਹੀਂ ਸਨ ਸੁੱਟੇ, ਵਜ਼ੀਰੇ-



ਆਜ਼ਮ ਲਾਲ ਸਿੰਘ ਅਤੇ ਗ਼ੱਦਾਰ ਜਰਨੈਲ ਤੇਜਾ ਸਿੰਘ ਨੇ ਹਾਰ ਦਾ ਐਲਾਨ ਕੀਤਾ ਸੀ ।

ਆਵਾਜ਼ਾਂ : ਬਾਬਾ ਜੀ, ਛੇਤੀ ਦੱਸੋ ਗੁਜਰਾਤ ਦੀ ਲੜਾਈ ਦਾ ਕੀ ਸਿੱਟਾ ਨਿਕਲਿਆ ?

ਮਹਾਰਾਜ : ਫੇਰ ਦਿਲ ਤਕੜੇ ਕਰ ਕੇ ਸੁਣੋ । ਇਹ ਦੱਸਦਿਆਂ ਮੇਰਾ ਸੀਨਾ ਫੜਕਦਾ ਹੈ ਕਿ ਚਤਰ ਸਿੰਘ ਅਟਾਰੀ ਅਤੇ ਸ਼ੇਰ ਸਿੰਘ ਨੇ ਹਜ਼ਾਰਾਂ ਫ਼ੌਜੀਆਂ ਸਮੇਤ ਫਰੰਗੀਆਂ ਅੱਗੇ ਹਥਿਆਰ ਸੁੱਟ ਦਿੱਤੇ ਹਨ ।

[ਸੱਨਾਟਾ...ਹਾ ਹਾ ਕਾਰ ਦੀਆਂ ਦਰਦਨਾਕ ਆਵਾਜ਼ਾਂ ! ਕੁਝ ਸਿਪਾਹੀ ਉਠ ਕੇ ਉੱਚੀ ਉੱਚੀ ਧਾਹਾਂ ਮਾਰਦੇ ਹਨ ।]

ਇਕ ਫ਼ੌਜੀ : ਸਾਡੇ ਭਾਣੇ ਅੱਜ ਰਣਜੀਤ ਸਿੰਘ ਮੋਇਆ ਹੈ ।

ਰਛਪਾਲ ਸਿੰਘ : (ਉਠ ਕੇ ਜੋਸ਼ ਨਾਲ) ਰਣਜੀਤ ਸਿੰਘ ਨਹੀਂ ਮਰਿਆ । ਉਸ ਦੀ ਰੂਹ ਸਦਾ ਸਦਾ ਲਈ ਪੰਜਾਬੀਆਂ ਦੀਆਂ ਰਗਾਂ ਵਿਚ ਖ਼ੂਨ ਵਾਂਗ ਰਚ ਗਈ ਹੈ ।

ਮਹਾਰਾਜ : ਸ਼ਾਬਾਸ਼ ਜੁਆਨੋ ! ਅਸੀਂ ਮਹਾਰਾਜਾ ਰਣਜੀਤ ਸਿੰਘ ਦੀ ਰੂਹ ਨੂੰ ਸਦਾ ਸਦਾ ਲਈ ਜ਼ਿੰਦਾ ਰੱਖਣਾ ਹੈ । ਰਣਜੀਤ ਸਿੰਘ ਸਾਡੇ ਲਈ ਆਜ਼ਾਦੀ ਤੇ ਅਣਖ ਦਾ ਚਿੰਨ੍ਹ ਹੈ ।

ਰਛਪਾਲ ਸਿੰਘ : ਬਾਬਾ ਜੀ, ਅੱਗੇ ਦੱਸੋ ਕੀ ਹੋਇਆ ?

ਮਹਾਰਾਜ : ਸਭਰਾਵਾਂ ਦੀ ਲੜਾਈ ਵਿਚ ਗ਼ੱਦਾਰਾਂ ਤੇ ਧੋਖੇਬਾਜ਼ਾਂ ਨੇ ਹਾਰ ਮਨਵਾਈ ਸੀ, ਇਸ ਦਫ਼ਾ (ਰੁਕ ਕੇ) ਇਸ ਦਫ਼ਾ ਸਾਡੇ ਆਪਣੇ ਹੀ ਸਰਦਾਰਾਂ ਤੇ ਜਾਗੀਰਦਾਰਾਂ ਨੇ ਬਹਾਦਰ ਫ਼ੌਜੀਆਂ ਹੱਥੋਂ ਖ਼ੁਦ ਹਥਿਆਰ ਸੁਟਵਾਏ ਹਨ ।

ਰਛਪਾਲ ਸਿੰਘ : ਤੁਸੀਂ ਉਨ੍ਹਾਂ ਨੂੰ ਕਿਉਂ ਨਾ ਰੋਕਿਆ ?

ਮਹਾਰਾਜ : ਮੈਂ ਪੁਰਜ਼ੋਰ ਕੋਸ਼ਿਸ਼ ਕੀਤੀ, ਸੁਝਾ ਦਿੱਤਾ ਕਿ ਪੰਜਾ ਸਾਹਿਬ ਦੇ ਪੂਜਯ ਮੁਕਾਮ ਤੇ ਆਖ਼ਰੀ ਫ਼ੈਸਲਾਕੁਨ ਲੜਾਈ ਲੜ ਕੇ ਫ਼ਤਿਹ ਪ੍ਰਾਪਤ ਕਰਾਂਗੇ ।

ਨੂਰਪੁਰੀ : ਫੇਰ ਕੀ ਹੋਇਆ ?

ਮਹਾਰਾਜ : ਪਿਉ ਪੁੱਤ ਨੇ ਮੇਰੀ ਇਕ ਨਾ ਸੁਣੀ ।

ਆਵਾਜ਼ : ਦੋਹਾਂ ਪਿਉ ਪੁਤ ਨੂੰ ਸਿੱਖੀ ਵਿਚੋਂ ਖ਼ਾਰਜ ਕਰੋ ।

ਮਹਾਰਾਜ : ਚੇਲੀਆਂਵਾਲੀ ਲੜਾਈ ਦੀ ਜਿੱਤ ਪਿਛੋਂ ਜੇ ਸ਼ੇਰ ਸਿੰਘ ਮੇਰੀ ਗੱਲ

ਮੰਨ ਲੈਂਦਾ ਤਾਂ ਅੱਜ ਸਾਨੂੰ ਹਾਰ ਦਾ ਮੂੰਹ ਨਾ ਦੇਖਣਾ ਪੈਂਦਾ ।

ਨੂਰਪੁਰੀ : ਉਦੋਂ ਤੁਸੀਂ ਕੀ ਸਲਾਹ ਦਿੱਤੀ ਸੀ ?

ਮਹਾਰਾਜ : ਜਿੱਤ ਪਿਛੋਂ ਮੈਂ ਰਾਤੋ-ਰਾਤ ਹੱਲਾ ਕਰ ਕੇ ਰਾਸ਼ਨ-ਪਾਣੀ ਔਰ ਹਥਿਆਰ ਪ੍ਰਾਪਤ ਕਰਨ ਲਈ ਜ਼ੋਰ ਦਿੱਤਾ ਸੀ ।

ਨੂਰਪੁਰੀ : ਫੇਰ ਕਿਉਂ ਨਾ ਉਹ ਤੁਹਾਡਾ ਕਹਿਣਾ ਮੰਨਿਆ ?

ਮਹਾਰਾਜ : ਪਤਾ ਲੱਗਾ ਹੈ ਕਿ ਸ਼ੇਰ ਸਿੰਘ ਦਾ ਦੋਸਤ ਹੈਨਰੀ ਲਾਰੰਸ ਸ਼ਾਇਦ ਲਾਹੌਰ ਮੁੜ ਆਇਆ ਹੈ । ਹੋ ਸਕਦੈ ਸ਼ੇਰ ਸਿੰਘ ਨੂੰ ਆਸ ਹੋਵੇ ਕਿ ਉਹ ਆਪਣੀ ਜਾਗੀਰ ਕਾਇਮ ਰੱਖ ਸਕਦਾ ਹੈ ।

ਆਵਾਜ਼ : ਲੱਖ ਲਾਹਨਤ ! ਹਥਿਆਰ ਸੁੱਟਣ ਵਾਲੇ ਜਾਂ ਪਿੱਠ ਦਿਖਾਣ ਵਾਲੇ ਦਸਮੇਸ਼ ਦੇ ਸਿੱਖ ਨਹੀਂ ਹੋ ਸਕਦੇ ।

ਨੂਰਪੁਰੀ : ਉਨ੍ਹਾਂ ਕਾਇਰਾਂ ਨੇ ਸਿੱਖ ਮਰਯਾਦਾ ਤੋਂ ਉਲਟ ਗੋਡੇ ਟੇਕੇ ਹਨ ।

ਮਹਾਰਾਜ : ਗੁਰੂ ਦਾ ਸਿੱਖ ਜਾਂ ਜਿੱਤ ਪ੍ਰਾਪਤ ਕਰਦਾ ਹੈ ਜਾਂ ਸ਼ਹੀਦੀ । ਮੈਂ ਖ਼ੁਦ ਉਨ੍ਹਾਂ ਨੂੰ ਤਨਖਾਹੀਏ ਸਮਝਦਾ ਹਾਂ ।

ਰਛਪਾਲ ਸਿੰਘ : ਬਾਬਾ ਜੀ, ਮੈਂ ਪੁੱਛਣਾ ਚਾਹੁੰਨਾ, ਹੁਣ ਖ਼ਾਲੀ ਹੱਥ ਅਸੀਂ ਫ਼ਰੰਗੀ ਦਾ ਕਿੱਦਾਂ ਮੁਕਾਬਲਾ ਕਰਾਂਗੇ ?

ਮਹਾਰਾਜ : ਬਹੁਤ ਸੂਝ ਭਰਿਆ ਸ਼ੰਕਾ ਕੀਤਾ ਹੈ । ਗੁਰਮੁਖੋ, ਮੈਂ ਮੌਜੂਦਾ ਸਥਿਤੀ ਨੂੰ ਚੰਗੀ ਤਰ੍ਹਾਂ ਅਨੁਭਵ ਕਰਦਾ ਹਾਂ । ਸਾਨੂੰ ਹੁਣ ਲੜਾਈ ਦਾ ਢੰਗ ਬਦਲਣਾ ਪਵੇਗਾ । ਅਠਾਰ੍ਹਵੀਂ ਸਦੀ ਦੇ ਸਿੰਘਾਂ ਵਾਲਾ ਲੜਾਈ ਢੰਗ ਅਪਣਾਨਾ ਪਵੇਗਾ, ਝੜੱਪਾਂ ਵਾਲਾ ।

ਰਛਪਾਲ ਸਿੰਘ : ਜਿਸ ਨੂੰ ਢਾਈ ਫਟ ਲੜਾਈ ਕਹਿੰਦੇ ਹਨ ।

ਮਹਾਰਾਜ : ਹਾਂ ! ਅਸੀਂ ਹੁਣ ਸਿੱਧਾ ਟਾਕਰਾ ਨਹੀਂ ਕਰਾਂਗੇ ਸਗੋਂ ਦੇਸ਼ ਦੇ ਦੁਸ਼ਮਣ ਨੂੰ ਹਰ ਵਕਤ ਸੂਲੀ ਤੇ ਟੰਗੀ ਰਖਾਂਗੇ । ਇਕ ਦਿਨ ਵੀ ਸੁੱਖ ਦੀ ਨੀਂਦੇ ਸੌਣ ਨਹੀਂ ਦਿਆਂਗੇ । ਵਕਤ ਬੇਵਕਤ ਉਸ ਦਾ ਭਾਰੀ ਨੁਕਸਾਨ ਕਰਾਂਗੇ । ਜਦੋਂ ਪੂਰੀ ਤਿਆਰੀ ਹੋ ਗਈ ਤਾਂ ਪੰਜਾਬ ਨੂੰ ਆਜ਼ਾਦ ਕਰਵਾਣ ਲਈ ਅੰਤਮ ਜੋਰਦਾਰ ਵਾਰ ਕਰਾਂਗੇ ।

ਨੂਰਪੁਰੀ : ਪਰ ਬਾਬਾ ਜੀ, ਇਹ ਫ਼ਰੰਗੀ ਮੁਗ਼ਲਾਂ ਨਾਲੋਂ ਵਧੇਰੇ ਚਤਰ, ਚਲਾਕ ਔਰ ਨੀਤੀਵਾਨ ਹੈ ।

ਰਛਪਾਲ ਸਿੰਘ : ਲੂੰਬੜ ਵਾਂਗ ਘਾਗ ਤੇ ਸਿਆਸੀ ਤੌਰ ਤੇ ਬੇਈਮਾਨ ਹੈ ।

ਮਹਾਰਾਜ : ਬਿਲਕੁਲ ਠੀਕ ਹੈ । ਸਾਨੂੰ ਆਪੋ 'ਚ ਲੜਾ ਭੜਾ ਕੇ ਇਨ੍ਹਾਂ ਨੇ ਹਿੰਦੁਸਤਾਨ ਭਰ ਵਿਚ ਆਪਣਾ ਰਾਜ ਸਥਾਪਤ ਕੀਤਾ ਹੈ । ਤੁਹਾਨੂੰ ਪਤਾ ਹੀ ਹੈ ਕਿ ਕਿਸ ਤਰ੍ਹਾਂ ਧੋਖੇ ਫ਼ਰੇਬ ਨਾਲ ਪੰਜਾਬ ਨੂੰ ਸਭ ਤੋਂ ਅਖ਼ੀਰ ਕੰਪਨੀ ਦੀ ਹਕੂਮਤ ਵਿਚ ਸ਼ਾਮਲ ਕੀਤਾ ਹੈ ।



ਨੂਰਪੁਰੀ : ਅਸੀਂ ਰਾਜਨੀਤੀ ਵਿਚ ਇਨ੍ਹਾਂ ਦਾ ਟਾਕਰਾ ਨਹੀਂ ਕਰ ਸਕਦੇ ।

ਮਹਾਰਾਜ : ਠੀਕ ਹੈ, ਅਸੀਂ ਸਿਆਸਤ ਵਿਚ ਅਸਲੋਂ ਮੂੜ੍ਹ ਹਾਂ, ਜ਼ਿੰਦਗੀ ਵਿਚ ਅਸੀਂ ਪੈਰ ਪੈਰ 'ਤੇ ਧੋਖਾ ਫ਼ਰੇਬ ਕਰਦੇ ਹਾਂ । ਜੰਗ ਯੁੱਧ ਵਿਚ ਸ਼ੇਰ ਸਿੰਘ ਵਾਂਗ ਸਖੀ ਅਤੇ ਦਿਆਲੂ ਪੁਰਸ਼ ਬਣ ਜਾਂਦੇ ਹਾਂ । ਤੁਹਾਨੂੰ ਸ਼ਾਇਦ ਇਲਮ ਨਹੀਂ, ਮਹਾਰਾਜ਼ਾ ਰਣਜੀਤ ਸਿੰਘ ਵਿਚ ਵੀ ਇਹੋ ਕਮਜ਼ੋਰੀ ਸੀ । ਉਨ੍ਹਾਂ ਨੇ ਵੀ ਮੁਲਤਾਨ ਦੇ ਨਵਾਬ ਨੂੰ ਤਿੰਨ ਦਫ਼ਾ ਮੁਆਫ਼ ਕਰ ਕੇ ਧੋਖਾ ਖਾਧਾ ਸੀ ।

ਨੂਰਪੁਰੀ : ਬਾਬਾ ਜੀ, ਹੁਕਮ ਕਰੋ, ਤੁਸੀਂ ਕੀ ਚਾਹੁੰਦੇ ਹੋ ?

ਰਛਪਾਲ ਸਿੰਘ : ਲੋਕਾਂ ਦਾ ਪੂਰਨ ਸਹਿਯੋਗ ਤੇ ਪੂਰਾ ਵਿਸ਼ਵਾਸ ਜਿਤੇ ਬਿਨਾਂ ਕਦੇ ਇਨਕਲਾਬ ਸੰਭਵ ਨਹੀਂ ਹੋਣਾ ।

ਮਹਾਰਾਜ : ਬਿਲਕੁਲ ਦਰੁਸਤ ਹੈ । ਸੂਰੇ ਸਿਪਾਹੀਓ, ਪੰਜਾਬ ਦੀ ਚੱਪਾ-ਚੱਪਾ ਧਰਤੀ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਹੋਈ ਹੈ । ਅਸੀਂ ਇਸ ਪਾਵਨ ਪਵਿੱਤਰ ਭੂਮੀ ਨੂੰ ਨਾਪਾਕ ਵਿਦੇਸ਼ੀਆਂ ਦੇ ਪੈਰਾਂ ਥੱਲੇ ਨਹੀਂ ਰਹਿਣ ਦੇਣਾ । ਅਠਾਰ੍ਹਵੀਂ ਸਦੀ ਵਿਚ ਅਸੀਂ ਅਕਹਿ ਕੁਰਬਾਨੀਆਂ ਕੀਤੀਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚੀਰੇ ਗਏ, ਉਬਲਦੀਆਂ ਦੇਗਾਂ ਵਿਚ ਉਬਾਲੇ ਗਏ, ਭਾਵੇਂ ਟੋਟਾ ਟੋਟਾ ਕੀਤੇ ਗਏ, ਪਰ ਮੁਗ਼ਲਾਂ ਦੀ ਈਨ ਨਾ ਮੰਨੀ । ਹੁਣ ਵੀ ਅਸੀਂ ਆਜ਼ਾਦੀ ਲਈ ਜੰਗ ਜਾਰੀ ਰੱਖਾਂਗੇ ।

ਨੂਰਪੁਰੀ : ਬੋਲੇ ਸੋ ਨਿਹਾਲ ।

ਸਾਰੇ : ਸਤਿ ਸ੍ਰੀ ਅਕਾਲ ।

[ਨੂਰਪੁਰੀ ਜੋਸ਼ ਨਾਲ ਉਠਦਾ ਹੈ, ਤਲਵਾਰ ਮਹਾਰਾਜ ਸਿੰਘ ਨੂੰ ਦਿੰਦਾ ਹੋਇਆ ਸਿਰ ਝੁਕਾ ਕੇ ਖੜ੍ਹਾ ਹੋ ਜਾਂਦਾ ਹੈ ।]

ਨੂਰਪੁਰੀ : ਬਾਬਾ ਜੀ, ਸੀਸ ਭੇਟ ਕਬੂਲ ਕਰੋ ।

ਮਹਾਰਾਜ : ਸ਼ਾਬਾਸ਼ ! ਇਹ ਸਿਖੀ ਜਜ਼ਬਾ ਹੈ । ਇਹੋ ਹੀ ਫ਼ਰੰਗੀਆਂ ਦੇ ਪੈਰ ਉਖੇੜੇਗਾ । ਪੰਜਾਬ ਨੂੰ ਮੁੜ ਸੁਤੰਤਰ ਪੈਰਾਂ ਤੇ ਖੜ੍ਹਾ ਕਰੇਗਾ ।

ਰਛਪਾਲ ਸਿੰਘ : ਤੁਸੀਂ ਸਾਨੂੰ ਅਗਲੀ ਕਾਰਜ ਯੋਜਨਾ ਦੱਸੋ ।

ਮਹਾਰਾਜ : ਇਥੋਂ ਅਸੀਂ ਜੰਮੂ ਰਸਤੇ ਪੰਜਾਬ ਜਾਵਾਂਗੇ । ਪਿੰਡ-ਪਿੰਡ ਦਾ ਦੌਰਾ ਕਰ ਕੇ ਪਹਿਲਾਂ ਲੋਕਾਂ ਅੰਦਰੋਂ ਹੀਣ-ਭਾਵ ਦੂਰ ਕਰਾਂਗੇ । ਉਨ੍ਹਾਂ ਦੀਆਂ ਸੁੱਤੀਆਂ ਕਲਾਂ ਜਗਾਵਾਂਗੇ । ਅੰਤਮ ਵਾਰ ਲਈ ਸਭ ਨੂੰ ਤਿਆਰ ਕਰਾਂਗੇ ।

ਨੂਰਪੁਰੀ : ਹੈ ਤਾਂ ਅਸੰਭਵ ਮੁਹਿੰਮ ਪਰ ਅਸੀਂ ਤੁਹਾਡੇ ਨਾਲ ਹਾਂ ।

ਮਹਾਰਾਜ : ਠੀਕ ਹੈ, ਸਾਨੂੰ ਸਭ ਨੂੰ ਅਸੰਭਵ ਟੀਚਾ ਲੱਗ ਰਿਹੈ, ਪਰ ਇਤਿਹਾਸ ਦਾ ਮੂੰਹ ਮੋੜਨਾ ਖ਼ਾਲਸੇ ਦਾ ਕਰਤੱਵ ਹੈ । ਇਹ ਠੀਕ ਹੈ ਲੋਕਾਂ ਨੂੰ ਸੁਚੇਤ ਅਤੇ ਤਿਆਰ ਕੀਤੇ ਬਿਨਾਂ ਕੋਈ ਇਨਕਲਾਬ ਨਹੀਂ ਲਿਆਂਦਾ ਜਾ ਸਕਦਾ । ਇਸ ਵਾਸਤੇ ਮੇਰਾ ਪਹਿਲਾ ਕੰਮ ਸਮੁੱਚੇ ਪੰਜਾਬੀਆਂ ਦਾ ਵਿਸ਼ਵਾਸ ਜਿੱਤਣਾ ਹੈ । ਸਾਂਝਾ ਮੋਰਚਾ ਕਾਇਮ ਕਰਨਾ ਹੈ । ਹਿੰਦੂ ਮੁਸਲਮਾਨ ਨੂੰ ਭਰੋਸੇ ਵਿਚ ਲੈ ਕੇ ਉਨ੍ਹਾਂ ਦੀ ਅਣਖੀ ਭਾਵਨਾ ਨੂੰ ਪ੍ਰਚੰਡ ਕਰਨਾ ਹੋਵੇਗਾ । ਮੈਨੂੰ ਤੁਹਾਡੇ ਸਾਥ ਦੀ ਲੋੜ ਹੈ ।

ਨੂਰਪੁਰੀ : ਸਾਡੇ ਤੇ ਵਿਸ਼ਵਾਸ ਰੱਖੋ, ਅਸੀਂ ਵਿਸ਼ਵਾਸਘਾਤ ਨਹੀਂ ਕਰਾਂਗੇ ।

ਰਛਪਾਲ ਸਿੰਘ : ਅਸੀਂ ਹਰ ਹਾਲਤ ਵਿਚ ਤੁਹਾਡੇ ਇਸ਼ਾਰੇ 'ਤੇ ਚੱਲਾਂਗੇ ।

ਮਹਾਰਾਜ : ਬਹਾਦਰੋ ! ਇਕ ਗੱਲ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲਵੋ, ਧਰਮ ਅਤੇ ਸਭਿਆਚਾਰ ਦੀ ਰੱਖਿਆ ਲਈ ਸੁਤੰਤਰਤਾ ਪ੍ਰਾਣਾਂ ਸਮਾਨ ਹੁੰਦੀ ਹੈ । ਅਸੀਂ ਹਰ ਹਾਲਤ ਵਿਚ ਆਜ਼ਾਦੀ ਲਈ ਜੰਗ ਜਾਰੀ ਰੱਖਣੀ ਏ, ਆਖ਼ਰੀ ਸਵਾਸਾਂ ਤੀਕਰ । ਗੁਰੂ ਨਾਨਕ ਦੇਵ ਜੀ ਦੀ ਬਾਣੀ ਯਾਦ ਰੱਖੋ : ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥

ਨੂਰਪੁਰੀ : (ਜੈਕਾਰਾ) ਬੋਲੇ ਸੋ ਨਿਹਾਲ ।

ਸਾਰੇ : ਸਤਿ ਸ੍ਰੀ ਅਕਾਲ ।



## ਅੰਕ ਸੱਤਵਾਂ

ਸਥਾਨ : ਲਾਹੌਰ ਸ਼ਾਹੀ ਕਿਲ੍ਹਾ

ਸਮਾਂ : 28 ਮਾਰਚ, 1849

ਵਕਤ : ਸਵੇਰੇ 9 ਵਜੇ ।

ਪਿਛੋਕੜ ਤੋਂ ਗਾਣਾ :

ਸੰਨ ਠਾਰਾਂ ਸੌ ਈਸਵੀ ਤੇ ਮਾਰਚ ਉਨੰਜਾ
ਜਿਸ ਦਿਨ ਹੋਇਆ ਅਧੀਨ ਪੰਜਾਬ ਸਾਰਾ
ਮਹਾਰਾਜੇ ਰਣਜੀਤ ਸਿੰਘ ਦੀਆਂ ਕਰਨੀਆਂ ਦਾ
ਕੀਤਾ ਖ਼ਾਤਮਾ ਬੁਰਛਿਆਂ ਖ਼ੁਦਗਰਜ਼ਾਂ
ਲੰਮੇ ਸਮੇਂ ਬਾਅਦ ਮਿਲੀ ਸੁਤੰਤਰਤਾ ਨੂੰ
ਲਾਈ ਢਾਹ ਇਨ੍ਹਾਂ ਡੋਗਰੇ ਗ਼ੱਦਾਰਾਂ
ਅਣਖੀ ਕੌਮ ਨਹੀਂ ਰਹਿੰਦੀ ਸਦਾ ਬੰਦੀ
ਮਿਹਣਾ ਹੁੰਦਾ ਗ਼ੁਲਾਮੀ ਦਾ ਯੋਧੇ ਬਹਾਦਰਾਂ ।

[ਹੈਨਰੀ ਲਾਰੰਸ ਅਤੇ ਇਕ ਸਲਾਹਕਾਰ ਬੈਠੇ ਗੱਲਾਂ ਕਰਦੇ ਹਨ । ਇਕ ਬੰਗਾਲੀ ਕਰਮਚਾਰੀ ਕਾਗਜ਼ ਪੇਸ਼ ਕਰਦਾ ਹੈ ।]

ਕਰਮਚਾਰੀ : ਸਰ, ਦੇਖ ਲਓ ਹੁਣ ਤਾਂ ਠੀਕ ਹੈ ।

ਲਾਰੰਸ : (ਨਜ਼ਰ ਮਾਰਦਾ ਹੋਇਆ) ਅਬ ਠੀਕ ਹੈ । ਬਹੁਤ ਇੰਪੋਟੈਂਟ ਡਾਕੂਮੈਂਟ ਹੈ । ਗਵਰਨਰ ਜਨਰਲ ਨੇ ਕੱਲ੍ਹ ਨੂੰ ਭਰੇ ਹੋਏ ਦਰਬਾਰ ਵਿਚ ਪੜ੍ਹਨਾ ਹੈ । ਇਕ ਕੋਮੇ ਦੀ ਵੀ ਗ਼ਲਤੀ ਨਹੀਂ ਰਹਿਣੀ ਚਾਹੀਦੀ । (ਫੜਾਂਦਾ ਹੋਇਆ) ਕੈਪਟਨ ਐਬਟ, ਤੂੰ ਵੀ ਜ਼ਰਾ ਨਜ਼ਰਸਾਨੀ ਕਰ ।

ਐਬਟ : (ਫੜਦਾ ਹੋਇਆ) ਸਰ, ਕੀ ਤੁਹਾਡੇ ਚਾਰਟ ਨੂੰ ਗਵਰਨਰ ਜਨਰਲ ਦੀ ਅਪਰੂਵਲ ਮਿਲ ਜਾਏਗੀ ?

ਲਾਰੰਸ : ਮਿਸਟਰ ਐਬਟ ਤੈਨੂੰ ਕੋਈ ਸ਼ੰਕਾ ਹੈ ?

ਐਬਟ : ਮੈਨੂੰ ਕੁਛ ਪਤਾ ਲੱਗਾ ਹੈ ਤਾਂ ਹੀ ਪੁੱਛ ਰਿਹਾ ਹਾਂ ।

ਲਾਰੰਸ : ਕਿਸ ਤੋਂ ਪਤਾ ਲੱਗਾ ਹੈ ?

ਐਬਟ : (ਕਾਗਜ਼ ਵੱਲ ਦੇਖਦਾ ਹੋਇਆ) ਉਹਨਾਂ ਦੇ ਪ੍ਰਾਈਵੇਟ ਸੈਕਟਰੀ ਤੋਂ ।

ਲਾਰੰਸ : (ਗੰਭੀਰ ਹੁੰਦਾ ਹੋਇਆ) ਫੇਰ ਖ਼ਬਰ ਦਰੁੱਸਤ ਹੋ ਸਕਦੀ ਹੈ । ਮਗਰ ਮੈਂ ਉਹਨਾਂ ਨੂੰ ਮੇਨ ਪੁਆਇੰਟ ਲਿਖ ਭੇਜੇ ਸਨ ।

ਐਬਟ : ਕੀ ਗਵਰਨਰ ਜਨਰਲ ਵੱਲੋਂ ਜੁਆਬ ਆਇਆ ਸੀ ?

ਲਾਰੰਸ : ਨਹੀਂ ।

ਐਬਟ : ਸਰ, ਉਹ ਸ਼ੁਰੂ ਤੋਂ ਤੁਹਾਡੀ ਪੰਜਾਬ ਬਾਰੇ ਲਿਬਰਲ ਔਰ ਹਮਦਰਦੀ ਭਰੇ ਸਲੂਕ ਦੇ ਸਖ਼ਤ ਬਰਖ਼ਿਲਾਫ਼ ਹਨ ।

ਲਾਰੰਸ : (ਘੜੀ ਦੇਖਦਾ ਹੋਇਆ) ਉਹ ਆਉਣ ਵਾਲੇ ਹਨ । ਹੁਣੇ ਪਤਾ ਲੱਗ ਜਾਵੇਗਾ ।

ਐਬਟ : ਸਰ, ਮੈਂ ਤੁਹਾਡੀ ਖੁੱਲ੍ਹ ਦਿਲੀ ਟੈਕਟਫੁਲ ਪਾਲਿਸੀ ਨਾਲ ਪੂਰੀ ਤਰ੍ਹਾਂ ਰਜ਼ਾਮੰਦ ਹਾਂ ।

ਲਾਰੰਸ : ਮਿਸਟਰ ਐਬਟ, ਮੈਂ ਲੰਮਾ ਅਰਸਾ ਪੰਜਾਬੀਆਂ ਵਿਚ ਗੁਜ਼ਾਰਿਆ ਹੈ । ਮੈਂ ਇਨ੍ਹਾਂ ਦੀ ਸਾਈਕੀ ਨੂੰ ਅੱਛੀ ਤਰ੍ਹਾਂ ਸਮਝਦਾ ਹਾਂ । ਇਹ ਲੋਗ ਬਹੁਤ ਵਧੀਆ ਦੋਸਤ ਔਰ ਆਹਲਾ ਮਹਿਮਾਨ ਨਿਵਾਜ਼ ਹਨ । ਇਨ੍ਹਾਂ ਨੂੰ ਸਖ਼ਤੀ ਨਾਲ ਨਹੀਂ ਬਲਕਿ ਪਿਆਰ ਔਰ ਹਮਦਰਦੀ ਨਾਲ ਕਾਬੂ ਕੀਤਾ ਜਾ ਸਕਦਾ ਹੈ । ਅਗਰ ਕੋਈ ਇਨ੍ਹਾਂ ਪੁਰ ਜ਼ਿਆਦਤੀ ਕਰਦਾ ਹੈ ਤਾਂ ਇਹ ਉਮਰ ਭਰ ਬਦਲੇ ਦਾ ਜਜ਼ਬਾ ਕਾਇਮ ਰੱਖਦੇ ਹਨ ।

[ਗਵਰਨਰ ਜਨਰਲ ਡਲਹੌਜ਼ੀ ਆਉਂਦਾ ਹੈ । ਲਾਰੰਸ ਤੇ ਐਬਟ ਅਦਬ ਵਜੋਂ ਉਠ ਖੜ੍ਹੇ ਹੁੰਦੇ ਹਨ । ਉਹਨਾਂ ਨਾਲ ਈਲੀਅਟ ਵੀ ਹੈ ।]

ਲਾਰੰਸ : (ਟਾਈਪ ਕਾਪੀ ਪੇਸ਼ ਕਰ ਕੇ) ਸਰ, ਇਹ ਡਰਾਫ਼ਟ ਮੈਂ ਤਿਆਰ ਕੀਤਾ ਹੈ ।

ਡਲਹੌਜ਼ੀ : (ਸਰਸਰੀ ਨਜ਼ਰ ਮਾਰਦਾ ਹੋਇਆ) ਮਿਸਟਰ ਲਾਰੰਸ, ਮੈਨੂੰ ਅਫ਼ਸੋਸ ਹੈ ਕਿ ਮੈਂ ਤੇਰੇ ਡਰਾਫ਼ਟ ਨਾਲ ਸਹਿਮਤ ਨਹੀਂ ਹੋ ਸਕਿਆ ।

ਲਾਰੰਸ : ਸਰ, ਬਿਨਾਂ ਪੜ੍ਹੇ ਕੈਸੇ ਅੰਦਾਜ਼ਾ ਲਾ ਲਿਆ ।

ਡਲਹੌਜ਼ੀ : ਮੈਨੂੰ ਤੇਰੀ ਪੰਜਾਬ ਬਾਰੇ ਪਾਲਿਸੀ ਦਾ ਪਹਿਲੋਂ ਪਤਾ ਹੈ ।

ਲਾਰੰਸ : ਫੇਰ ਜਨਾਬ, ਮੈਨੂੰ ਪਹਿਲੋਂ ਦੱਸ ਦੇਣਾ ਸੀ, ਮੈਂ ਮਗਜ਼ ਖਪਾਈ ਨਾ ਕਰਦਾ ।

ਡਲਹੌਜ਼ੀ : ਪੰਜਾਬ ਦੇ ਅਲਹਾਕ ਬਾਰੇ ਕੰਪਨੀ ਦਾ ਪੱਕਾ ਫ਼ੈਸਲਾ ਹੈ ।

ਲਾਰੰਸ : ਸਰ, ਮੈਂ ਵੀ ਕੰਪਨੀ ਦੇ ਸਰਕਰਦਾ ਮੈਂਬਰਾਂ ਨਾਲ ਰੂਬਰੂ ਗੱਲਾਂ ਕਰ ਕੇ ਹਾਲ ਵਿਚ ਹੀ ਲੰਦਨ ਤੋਂ ਵਾਪਸ ਆਇਆ ਹਾਂ ।



ਡਲਹੌਜ਼ੀ : ਆਇਆ ਹੋਵੇਂਗਾ । ਕੱਲ੍ਹ ਖ਼ਾਲਸਾ ਦਰਬਾਰ ਵਿਚ ਪੜ੍ਹਿਆ ਜਾਣ ਵਾਲਾ ਐਲਾਨਨਾਮਾ ਇਹ ਹੈ । ਈਲੀਅਟ, ਇਕ ਕਾਪੀ ਮਿਸਟਰ ਲਾਰੰਸ ਨੂੰ ਦਿਓ ।

ਲਾਰੰਸ : (ਨਜ਼ਰ ਮਾਰ ਕੇ) ਸਰ, ਵਕਤ ਦੱਸੇਗਾ ਕਿ ਪੰਜਾਬ ਨੂੰ ਪੂਰੀ ਤਰ੍ਹਾਂ ਬ੍ਰਿਟਿਸ਼ ਹਕੂਮਤ ਵਿਚ ਸ਼ਾਮਲ ਕਰਨ ਦਾ ਫ਼ੈਸਲਾ ਦਰੁਸਤ ਹੈ ਜਾਂ ਗਲਤ ।

ਡਲਹੌਜ਼ੀ : ਕਿਆ ਤੂੰ ਚਾਹੁੰਦਾ ਹੈਂ ਜੰਗਜੂ ਸਿੰਘਾਂ ਨਾਲ ਹਮੇਸ਼ਾ ਜੰਗ ਜਾਰੀ ਰੱਖੀ ਜਾਵੇ ।

ਲਾਰੰਸ : ਸਰ, ਕਿਆ ਤੁਸੀਂ ਯਕੀਨ ਨਾਲ ਕਹਿ ਸਕਦੇ ਹੋ ਕਿ ਪੰਜਾਬ ਉੱਤੇ ਮੁਕੰਮਲ ਕਬਜ਼ੇ ਨਾਲ ਅਮਨ-ਚੈਨ ਕਾਇਮ ਹੋ ਜਾਵੇਗਾ ।

ਡਲਹੌਜ਼ੀ : ਮੇਰਾ ਪੱਕਾ ਯਕੀਨ ਹੈ ।

ਲਾਰੰਸ : ਸਰ, ਤੁਸੀਂ ਕਲਕੱਤੇ ਵਿਚ ਆਇਵਰੀ ਟਾਵਰ ਵਿਚ ਬੈਠੇ ਹੋ । ਪੰਜਾਬ ਔਰ ਹਿੰਦੁਸਤਾਨ ਭਰ ਵਿਚ ਸਾਡੇ ਬਰਖ਼ਿਲਾਫ਼ ਅੰਦਰੋ-ਅੰਦਰੀ ਨਫ਼ਰਤ ਦੀ ਸਖ਼ਤ ਅੱਗ ਸੁਲਗ ਰਹੀ ਹੈ । ਕਿਸੇ ਵਕਤ ਵੀ ਥੋੜ੍ਹੀ ਜਿਹੀ ਗ਼ਲਤੀ ਨਾਲ ਗ਼ਦਰ ਮੱਚ ਸਕਦਾ ਹੈ ।

ਡਲਹੌਜ਼ੀ : ਗ਼ਦਰ ਕਰਨ ਵਾਲਿਆਂ ਦੇ ਸਿਰ ਸਖ਼ਤੀ ਨਾਲ ਕੁਚਲ ਦਿੱਤੇ ਜਾਣਗੇ ।

ਲਾਰੰਸ : ਸਰ, ਮੈਨੂੰ ਕੱਲ੍ਹ ਹੀ ਇਤਲਾਹ ਮਿਲੀ ਹੈ ਕਿ ਮਹਾਰਾਜ ਸਿੰਘ ਨੇ ਜੰਗ ਜਾਰੀ ਰੱਖਣ ਦਾ ਐਲਾਨ ਕੀਤਾ ਹੈ ।

ਡਲਹੌਜ਼ੀ : (ਕੁਰਸੀ ਤੋਂ ਉਠ ਕੇ) ਇਜ਼ ਇਟ ? ਕਿਸ ਜਗ੍ਹਾ ਪਰ ?

ਲਾਰੰਸ : ਰਾਵਲਪਿੰਡੀ ਵਿਚ ।

ਡਲਹੌਜ਼ੀ : ਕਿਆ ਉਸ ਨੇ ਚਤਰ ਸਿੰਘ ਅਟਾਰੀ ਔਰ ਸ਼ੇਰ ਸਿੰਘ ਕੇ ਸਾਥ ਹਥਿਆਰ ਨਹੀਂ ਫੈਂਕੇ ?

ਲਾਰੰਸ : ਹਰਗਿਜ਼ ਨਹੀਂ । ਬਲਕਿ ਕੁਝ ਸਿਰਲੱਥ ਫ਼ੌਜੀ ਪੈਰੋਕਾਰਾਂ ਨੂੰ ਲੈ ਕੇ ਪੰਜਾਬ ਵੱਲ ਚੱਲ ਪਿਆ ਹੈ ।

ਡਲਹੌਜ਼ੀ : ਤੇਰੀ ਰਹਿਮ-ਦਿਲ ਪਾਲਿਸੀ ਕਾਰਨ ਉਹ ਅਬੀ ਤੱਕ ਪਕੜਾ ਨਹੀਂ ਗਿਆ ।

ਲਾਰੰਸ : ਸਰ, ਤੁਸੀਂ ਭੁੱਲਦੇ ਹੋ, ਮੈਂ ਤਾਂ ਪਿਛਲੇ ਹਫ਼ਤੇ ਹੀ ਫਰਲੋ ਤੋਂ ਬਾਅਦ ਚਾਰਜ ਲਿਆ ਹੈ । ਬਤਾ ਸਕਦੇ ਹੋ ਕਿ ਪਿਛਲੇ ਦੋ ਸਾਲਾਂ ਵਿਚ ਉਸ ਨੂੰ ਕਿਉਂ ਨਹੀਂ ਪਕੜਾ ਗਿਆ ?

ਡਲਹੌਜ਼ੀ : (ਗ਼ਲਤੀ ਅਨੁਭਵ ਕਰਦਾ ਹੋਇਆ) ਸੋਰੀ ਸੋਰੀ ! ਇਹ ਫ਼ਰੈਡਰਿਕ ਦੀ ਜ਼ਿੰਮੇਵਾਰੀ ਥੀ ।

ਲਾਰੰਸ : ਸਰ, ਕੱਲ੍ਹ ਦੇ ਐਲਾਨ ਪਿੱਛੋਂ ਮੇਰਾ ਪੰਜਾਬ ਵਿਚ ਰਹਿਣਾ ਮੁਸ਼ਕਿਲ ਹੈ ।

ਡਲਹੌਜ਼ੀ : (ਮੁਸਕਰਾਂਦਾ ਹੋਇਆ) ਮਗਰ ਕਿਉਂ ?

ਲਾਰੰਸ : ਮੈਂ ਆਪਣੀ ਜ਼ਮੀਰ ਤੋਂ ਉਲਟ ਜ਼ਿੰਮੇਵਾਰੀ ਨਹੀਂ ਨਿਭਾ ਸਕਾਂਗਾ।

ਡਲਹੌਜ਼ੀ : ਮੈਨੂੰ ਪਹਿਲੋਂ ਪਤਾ ਸੀ। ਇਸ ਵਾਸਤੇ ਮੈਂ ਤੇਰਾ ਤਬਾਦਲਾ ਕਰ ਦਿੱਤਾ ਹੈ।

ਲਾਰੰਸ : ਬੜੀ ਮਿਹਰਬਾਨੀ। ਮੈਂ ਪੰਜਾਬ ਨਾਲ ਬੇਇਨਸਾਫ਼ੀ ਬਰਦਾਸ਼ਤ ਨਹੀਂ ਕਰ ਸਕਦਾ।

ਡਲਹੌਜ਼ੀ : (ਸਖ਼ਤੀ ਨਾਲ) ਤੈਨੂੰ ਪੰਜਾਬ ਦਾ ਇਨਟ੍ਰੈਸਟ ਪਿਆਰਾ ਹੈ ਜਾਂ ਕੰਪਨੀ ਦਾ ?

ਲਾਰੰਸ : ਸਰ, ਕੰਪਨੀ ਦਾ, ਜਿਸ ਦਾ ਮੈਂ ਨਿਮਕ ਖਾਂਦਾ ਹਾਂ।

ਡਲਹੌਜ਼ੀ : ਫੇਰ ਇਹ ਗੁਸਤਾਖ਼ੀ ਕਿਉਂ ?

ਲਾਰੰਸ : ਸਰ, ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਪੰਜਾਬ ਨੂੰ ਕੁਝ ਚਿਰ ਹੋਰ ਮੌਜੂਦਾ ਹਾਲਤ ਵਿਚ ਰੱਖਣਾ ਕੰਪਨੀ ਦੇ ਹੱਕ ਵਿਚ ਹੈ। ਜੇਕਰ ਮੈਂ ਫਰਲੋ ਤੇ ਨਾ ਗਿਆ ਹੁੰਦਾ ਤਾਂ ਰਾਜਾ ਸ਼ੇਰ ਸਿੰਘ ਅਤੇ ਉਸ ਦੇ ਫ਼ਾਦਰ ਚਤਰ ਸਿੰਘ ਅਟਾਰੀ ਨੂੰ ਬਗ਼ਾਵਤ ਕਰਨ ਦਾ ਮੌਕਾ ਨਾ ਦਿੰਦਾ।

ਡਲਹੌਜ਼ੀ : (ਵਿਅੰਗ ਨਾਲ) ਕਿਆ ਮੂਲ ਰਾਜ ਵੀ ਬਗ਼ਾਵਤ ਨਾ ਕਰਤਾ ?

ਲਾਰੰਸ : ਉਸ ਨੂੰ ਵੀ ਗਵਰਨਰ ਜਨਰਲ ਦੀ ਗ਼ਲਤ ਪਾਲਿਸੀ ਕਾਰਨ ਮਜਬੂਰਨ ਬਗ਼ਾਵਤ ਕਰਨੀ ਪਈ। ਤੁਸੀਂ ਅਜੇ ਤੱਕ ਪੰਜਾਬੀਆਂ ਦੀ ਸਾਈਕੀ ਨਹੀਂ ਸਮਝ ਸਕੇ।

ਡਲਹੌਜ਼ੀ : (ਗੁੱਸੇ ਨਾਲ ਭਰਿਆ ਪੀਤਾ) ਪੰਜਾਬ ਉੱਤੇ ਪੂਰਨ ਕਬਜ਼ੇ ਪਿੱਛੋਂ ਉਹ ਸੁਸਰੀ ਮਾਨਦ ਸੌਂ ਜਾਣਗੇ। ਅਸੀਂ ਉਹਨਾਂ ਦੀ ਅਣਖ ਨੂੰ ਕੁਚਲ ਕੇ ਰੱਖ ਦਿਆਂਗੇ।

ਲਾਰੰਸ : ਸਰ, ਇਹ ਤੁਹਾਡਾ ਸਰਾਸਰ ਭੁਲੇਖਾ ਹੈ। ਪੰਜਾਬ ਦੀ ਤਾਕਤ ਸਰਦਾਰ, ਜਾਗੀਰਦਾਰ, ਰਾਏ ਬਹਾਦਰ ਔਰ ਨਵਾਬ ਨਹੀਂ ਹਨ। ਪੰਜਾਬ ਦੀ ਬੈਕ ਬੋਨ ਪੇਂਡੂ ਕਿਸਾਨ ਜੱਟ ਹੈ। ਮਹਾਰਾਜਾ ਰਣਜੀਤ ਸਿੰਘ ਉਹਨਾਂ ਦੀ ਸ਼ਕਤੀ ਉੱਤੇ ਹੀ ਐਡੀ ਭਾਰੀ ਸਲਤਨਤ ਕਾਇਮ ਕਰ ਸਕਿਆ ਸੀ।

ਡਲਹੌਜ਼ੀ : ਇਹ ਬੇਹਥਿਆਰੇ ਲੋਕ ਅੰਗਰੇਜ਼ੀ ਹਕੂਮਤ ਦਾ ਹੁਣ ਕੁਛ ਨਹੀਂ ਵਿਗਾੜ ਸਕਦੇ।

ਲਾਰੰਸ : ਸਰ, ਤੁਸੀਂ ਸਖ਼ਤ ਗ਼ਲਤ ਫ਼ਹਿਮੀ ਦਾ ਸ਼ਿਕਾਰ ਹੋ। ਤੁਸੀਂ ਪੰਜਾਬ ਦਾ ਅਠਾਰ੍ਹਵੀਂ ਸਦੀ ਦਾ ਇਤਿਹਾਸ ਨਹੀਂ ਪੜ੍ਹਿਆ ਲੱਗਦਾ। ਮੁੱਠੀ ਭਰ ਸਿੰਘਾਂ ਨੇ ਗੁਰੀਲਾ ਵਾਰਫ਼ੇਅਰ ਨਾਲ ਮੁਗ਼ਲ ਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ ਸਨ। ਭਾਈ ਮਹਾਰਾਜ ਸਿੰਘ ਨੇ ਉਹੋ ਗੁਰੀਲਾ ਵਾਰਫ਼ੇਅਰ ਢੰਗ ਅਪਣਾਇਆ ਹੈ। ਜਿੰਨਾ ਚਿਰ ਉਹ ਜ਼ਿੰਦਾ ਹੈ ਤੁਸੀਂ ਸੁੱਖ ਦੀ ਨੀਂਦੇ ਨਹੀਂ ਸੌਂ ਸਕਦੇ।



ਡਲਹੌਜ਼ੀ : (ਗੁੱਸੇ ਨਾਲ) ਹੀ ਇਜ਼ ਏ ਡੈਵਿਲ !

ਲਾਰੰਸ : ਸਰ, ਗੁਸਤਾਖ਼ੀ ਮੁਆਫ਼, ਸਾਡੇ ਲਈ ਉਹ ਬੁਰਾ ਹੋ ਸਕਦੈ, ਦਰਅਸਲ ਉਹ ਸੇਂਟ ਸੋਲਜਰ ਹੈ, ਲੋਕਾਂ ਲਈ ਰੱਬ ਹੈ।

ਡਲਹੌਜ਼ੀ : ਈਲੀਅਟ ਨੋਟ ਕਰੋ। ਉਸੇ ਫ਼ੌਰਨ ਗ੍ਰਿਫ਼ਤਾਰ ਕਰਨ ਦੀ ਮੁਹਿੰਮ ਤੇਜ਼ ਕੀਤੀ ਜਾਵੇ। ਭਾਰੀ ਫ਼ੋਰਸ ਤਾਇਨਾਤ ਕਰੋ। ਮੈਨੂੰ ਹਰ ਰੋਜ਼ ਦੀ ਪ੍ਰੋਗਰੈੱਸ ਦੀ ਰਿਪੋਰਟ ਭੇਜੀ ਜਾਵੇ। ਪੰਜਾਬ ਪਰ ਮੁਕੰਮਲ ਕਬਜ਼ੇ ਤੋਂ ਬਾਅਦ ਲਾਹੌਰ ਵਿਚ ਏਕ ਬੁੱਤ ਲਗਾਇਆ ਜਾਵੇ।

ਈਲੀਅਟ : ਕਿਸ ਦਾ ਜਨਾਬ ?

ਡਲਹੌਜ਼ੀ : ਕਿਸੇ ਦਾ ਨਹੀਂ, (ਲਾਰੰਸ ਵਲ ਦੇਖ ਕੇ ਉਸ ਨੂੰ ਚਿੜ੍ਹਾਣ ਲਈ) ਉਸ ਪਰ ਲਿਖਾ ਜਾਏ, ਕਿਆ ਤੁਸੀਂ ਤਲਵਾਰ ਦੇ ਜ਼ੋਰ ਨਾਲ ਹਕੂਮਤ ਚਾਹੁੰਦੇ ਹੋ ਕਿ ਕਲਮ ਕੇ ਹਥਿਆਰ ਸਾਥ ?

ਲਾਰੰਸ : ਇਹ ਪੰਜਾਬੀਆਂ ਦੀ ਗ਼ੈਰਤ ਨੂੰ ਸਿੱਧਾ ਚੈਲੰਜ ਹੈ।

ਡਲਹੌਜ਼ੀ : ਮੈਂ ਉਨ੍ਹਾਂ ਦੀ ਗ਼ੈਰਤ ਨੂੰ ਕੁਚਲਣਾ ਚਾਹੁੰਦਾ ਹਾਂ।

ਲਾਰੰਸ : ਨਾ ਮੁਮਕਿਨ ਹੈ। ਮਹਾਰਾਜ ਸਿੰਘ ਨੇ ਲੋਕਾਂ ਦੀ ਜ਼ਮੀਰ ਨੂੰ ਜਗਾ ਦਿੱਤਾ ਹੈ। ਮੁਲਕ ਨੂੰ ਆਜ਼ਾਦ ਕਰਵਾਣ ਖ਼ਾਤਰ ਪੰਜਾਬੀ ਲੋਗ ਸਭ ਤੋਂ ਅੱਗੇ ਹੋਣਗੇ।

ਡਲਹੌਜ਼ੀ : (ਘੂਰਦਾ ਹੋਇਆ) ਹੂੰ !

ਲਾਰੰਸ : ਸਰ, ਮੈਨੂੰ ਕਿਆ ਹੁਕਮ ਹੈ ?

ਡਲਹੌਜ਼ੀ : ਤੂੰ ਮਿਸਟਰ ਈਲੀਅਟ ਨੂੰ ਚਾਰਜ ਦੇ ਕੇ ਜੈਪੁਰ ਜਾਣ ਦੀ ਤਿਆਰੀ ਕਰ।

[ਡਲਹੌਜ਼ੀ ਛੇਤੀ-ਛੇਤੀ ਜਾਂਦਾ ਹੈ। ਲਾਰੰਸ ਵੀ ਨੀਵੀਂ ਪਾਈ ਬੜੇ ਗੰਭੀਰ ਰੌਂ ਵਿਚ ਬਾਹਰ ਨਿਕਲਦਾ ਹੈ।]

## ਅੰਕ ਅੱਠਵਾਂ

ਸਥਾਨ : ਆਦਮਪੁਰ ਦੁਆਬਾ ਲਾਗੇ ਜੰਗਲ

ਸਮਾਂ : 28 ਦਸੰਬਰ 1849

ਵਕਤ : ਡੰਘੀ ਸ਼ਾਮ

ਪਿਛੋਕੜ ਤੋਂ ਗਾਣੇ ਦੀ ਆਵਾਜ਼ :

ਸਿਰਲੱਥ ਸਿੰਘਾਂ ਨੂੰ ਮਹਾਰਾਜ ਸਿੰਘ ਕਹਿਣ ਲੱਗਾ
ਤਕੜੇ ਹੋ ਜਾਓ ਸੂਰੇ ਪੰਜਾਬੀਓ ਓਇ
ਬੰਕੇ ਸੂਰਮੇ ਪੁਤ ਦਸਮੇਸ਼ ਦੇ ਹੋ
ਵਾਰੋ ਜਾਨਾਂ ਤੁਸੀਂ ਦੇਸ਼ ਪੰਜਾਬ ਤੋਂ ਓਇ ।
ਮਰਨਾ ਬਿਹਤਰ ਗ਼ੁਲਾਮੀ ਦੇ ਜੀਣ ਨਾਲੋਂ
ਮਰੋ ਸ਼ੇਰਾਂ ਦੀ ਮੌਤ ਬਹਾਦਰੋ ਓਇ ।
ਤੌਂਕ ਗ਼ੁਲਾਮੀ ਦਾ ਗਲੇ ਤੋਂ ਲਾਹ ਸੁੱਟੋ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ਓਇ ।

[ਸਾਧੂਆਂ ਦੇ ਭੇਸ ਵਿਚ ਪੰਜ ਬੰਦੇ ਜੰਗਲ ਵਿਚ ਗੁਪਤ ਮੀਟਿੰਗ ਕਰ ਰਹੇ ਹਨ ।]

ਮਹਾਰਾਜ : ਸਜਣੋ, ਅਗਲੇ ਛੇ ਦਿਨ ਸਾਡੇ ਲਈ ਬੇਹੱਦ ਕੀਮਤੀ ਨੇ, ਪੂਰੀ ਸਾਵਧਾਨੀ ਨਾਲ ਲੰਘਾਣੇ ਹੋਣਗੇ । ਫ਼ਰੰਗੀ ਦੇ ਸੂਹੀਏ ਚੱਪੇ-ਚੱਪੇ 'ਤੇ ਜਾਲ ਵਛਾਈ ਬੈਠੇ ਨੇ ।

ਨੂਰਪੁਰੀ : ਸੰਤ ਬਾਬਾ ਜੀ, ਦੁਪਹਿਰੇ ਹੀ ਇਕ ਸ਼ੱਕੀ ਬੰਦਾ ਇਥੇ ਫਿਰਦਾ ਦੇਖਿਆ ਗਿਆ ਹੈ ।

ਮਹਾਰਾਜ : ਹੈਂ ! ਇਹ ਗੱਲ ਮੈਨੂੰ ਪਹਿਲੋਂ ਕਿਉਂ ਨਾ ਦੱਸੀ ?

ਨੂਰਪੁਰੀ : ਮੈਨੂੰ ਵੀ ਹੁਣੇ ਹੀ ਪਤਾ ਲੱਗਾ ਏ ।

ਮਹਾਰਾਜ : ਉਸ ਨੂੰ ਫ਼ੌਰਨ ਕਾਬੂ ਕਰਨਾ ਚਾਹੀਦਾ ਸੀ, ਫੇਰ ਤਾਂ ਸਾਨੂੰ ਹੋਰ ਵੀ ਹੁਸ਼ਿਆਰੀ ਤੋਂ ਕੰਮ ਲੈਣਾ ਪਵੇਗਾ ।

ਰਛਪਾਲ : ਅਸੀਂ ਬੇਹੱਦ ਚੌਕਸ ਹਾਂ ।

ਮਹਾਰਾਜ : ਸਾਡੀ ਯੋਜਨਾ ਪਹਿਲਾਂ ਪੰਜਾਬ ਤੇ ਪਿੱਛੋਂ ਸਾਰੇ ਹਿੰਦੁਸਤਾਨ ਨੂੰ ਆਜ਼ਾਦ



ਕਰਵਾਉਣ ਦੀ ਹੈ ।

ਨੂਰਪੁਰੀ : ਪੰਜਾਬ ਸਭ ਤੋਂ ਅਖ਼ੀਰ ਜਿੱਤਿਆ ਗਿਆ ਸੀ ਅਤੇ ਸਭ ਤੋਂ ਪਹਿਲਾਂ ਆਜ਼ਾਦ ਹੋਣਾ ਚਾਹੀਦਾ ਏ ।

ਮਹਾਰਾਜ : ਵਾਹਿਗੁਰੂ ਨੇ ਚਾਹਿਆ ਤਾਂ ਇਸੇ ਤਰ੍ਹਾਂ ਹੋਵੇਗਾ । ਪਰ ਸਾਡੇ ਪੰਜਾਂ ਤੋਂ ਬਿਨਾਂ ਅੰਤਮ ਮਿਤੀ ਬਾਰੇ ਕਿਸੇ ਹੋਰ ਨੂੰ ਭਿਣਕ ਨਾ ਪਵੇ । ਬਾਕੀ ਸੋਲ੍ਹਾਂ ਬੰਦਿਆਂ ਨੂੰ ਮੈਂ ਐਨ ਮੌਕੇ 'ਤੇ ਦੱਸਾਂਗਾ । ਭਾਈ ਰਾਮ ਸਿੰਘ ਨੂਰਪੁਰੀ ਤੁਸੀਂ ਜਲੰਧਰ ਛਾਉਣੀ ਅਤੇ ਰਛਪਾਲ ਸਿੰਘ ਤੁਸੀਂ ਹੁਸ਼ਿਆਰਪੁਰ ਵਕਤ ਸਿਰ ਪੁੱਜ ਜਾਣਾ । ਤੁਸੀਂ ਦੋਵੇਂ ਇਨ੍ਹਾਂ ਦੇ ਮਗਰ ਦੂਜੀ ਲਾਈਨ ਵਿਚ ਰਹਿਣਾ । ਬ੍ਰਿਗੇਡੀਅਰ ਮੇਜਰ ਸਭ ਗੰਢੇ ਹੋਏ ਨੇ । ਉਹ ਕੇਵਲ ਹਰੀ ਝੰਡੀ ਦੀ ਉਡੀਕ ਕਰ ਰਹੇ ਨੇ । ਬਾਕੀ ਬੰਦੇ ਦੋਹਾਂ ਜ਼ਿਲ੍ਹਿਆਂ ਦੇ ਵੱਖੋ-ਵੱਖ ਨਗਰਾਂ ਵਿਚ ਤਾਇਨਾਤ ਕਰ ਦਿਓ । ਜਦੋਂ ਵੀ ਦੋਹਾਂ ਛਾਉਣੀਆਂ ਤੋਂ ਗੋਲੀ ਚੱਲਣੀ ਸ਼ੁਰੂ ਹੋਵੇ, ਇਕ-ਇਕ ਨਗਰ ਤੇ ਪਿੰਡ ਵਿਚ ਅਫ਼ਵਾਹਾਂ ਫੈਲਾ ਦਿਓ : 'ਪੰਜਾਬ ਵਿਚ ਫ਼ੌਜੀਆਂ ਨੇ ਆਜ਼ਾਦੀ ਲਈ ਹਥਿਆਰ ਚੁੱਕ ਲਏ ਨੇ । ਆਓ ਸਾਰੇ ਰਲ ਕੇ ਫ਼ਰੰਗੀਆਂ ਨੂੰ ਪੰਜਾਬ ਵਿਚੋਂ ਕੱਢੀਏ ।'

ਰਛਪਾਲ : ਉਸ ਦਿਨ ਵਕਤ ਕੀ ਨੀਅਤ ਕੀਤਾ ਹੈ ?

ਮਹਾਰਾਜ : ਰਾਤ ਦਾ ਚੌਥਾ ਪਹਿਰ । ਗੋਰਿਆਂ ਨੂੰ ਦੇਰ ਤਕ ਸੌਣ ਦੀ ਆਦਤ ਹੈ ।

ਨੂਰਪੁਰੀ : ਬਹੁਤ ਚੰਗਾ ਸੋਚਿਆ ਏ । ਉਹ ਅੱਖਾਂ ਮਲਦੇ ਹੋਣ, ਠਾਹ ਠਾਹ ਸ਼ੁਰੂ ਹੋ ਜਾਵੇ ।

ਮਹਾਰਾਜ : ਥਾਂ ਪਰ ਥਾਂ ਦੱਬੇ ਹਥਿਆਰਾਂ ਨੂੰ ਕੱਢ ਕੇ ਫਟਾ ਫਟ ਸਾਬਕਾ ਫ਼ੌਜੀਆਂ ਨੂੰ ਪੁਚਾ ਦਿਓ ।

ਰਛਪਾਲ : ਇਥੋਂ ਸਾਨੂੰ ਹੁਣੇ ਖਿਸਕ ਜਾਣਾ ਚਾਹੀਦਾ ਏ ।

ਮਹਾਰਾਜ : ਉਠੋ, ਭਾਈ ਰਾਮ ਸਿੰਘ ਦੇ ਕਹਿਣ ਅਨੁਸਾਰ ਸਖ਼ਤ ਖ਼ਤਰਾ ਹੈ । ਥੋੜ੍ਹਾ ਪਹਿਲੋਂ ਪਤਾ ਲੱਗ ਜਾਂਦਾ ਆਪਾਂ 'ਕੱਠੇ ਹੀ ਕਿਸੇ ਹੋਰ ਜਗ੍ਹਾ ਹੋਣਾ ਸੀ ।

ਨੂਰਪੁਰੀ : ਹੁਣ ਤਾਂ ਗੁਰੂ ਮਹਾਰਾਜ ਅੱਗੇ ਇਹੋ ਅਰਦਾਸ ਹੈ, ਇਹ ਹਫ਼ਤਾ ਸੁੱਖ-ਸਬੀਲੇ ਨਾਲ ਗੁਜ਼ਰ ਜਾਵੇ । ਤੁਹਾਡੀ ਸਾਲਾਂ ਦੀ ਮਿਹਨਤ ਸਫ਼ਲ ਹੋਵੇ । ਪੰਜਾਬ ਅਤੇ ਹਿੰਦੁਸਤਾਨ ਦੇ ਕਸ਼ਟ ਕੱਟੇ ਜਾਣ ;

ਮਹਾਰਾਜ : ਆਓ, ਮੇਰੇ ਨਾਲ ਅਰਦਾਸ ਵਿਚ ਸ਼ਾਮਲ ਹੋਵੋ । ਫੇਰ ਆਪਾਂ ਵੱਖੋ-ਵੱਖ ਟਿਕਾਣੇ ਮੱਲਾਂਗੇ । (ਮੂੰਹ ਵਿਚ ਕੁਝ ਪਲ ਗੁਣ-ਗਣਾਣ ਪਿੱਛੋਂ) ਹੇ ਸੱਚੇ ਪਾਤਸ਼ਾਹ ! ਤੇਰੀ ਓਟ ਤੇਰਾ ਆਸਰਾ ਲੈ ਕੇ ਪਹਿਲਾਂ ਪੰਜਾਬ ਨੂੰ ਗ਼ੁਲਾਮੀ ਦੇ ਬੰਧਨ ਤੋਂ ਮੁਕਤ ਕਰਵਾਉਣ ਦੇ ਨੀਅਤ ਦਿਨ ਲਾਗੇ ਪਹੁੰਚ ਗਏ ਹਾਂ । ਰਾਵਲਪਿੰਡੀ ਵਿਚ ਜੋ ਅਸੀਂ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸੰਕਲਪ ਕੀਤਾ ਸੀ, ਉਸ ਦੀ ਪੂਰਤੀ ਲਈ ਅਸੀਂ ਦਿਨ-ਰਾਤ ਇਕ ਕੀਤਾ

ਹੈ। ਦਸਾਂ ਮਹੀਨਿਆਂ ਦੀ ਮਿਹਨਤ ਪਿੱਛੋਂ ਅਸੀਂ ਆਪਣੇ ਨਿਸ਼ਾਨੇ ਲਾਗੇ ਪਹੁੰਚ ਗਏ ਹਾਂ। ਸੇਵਕਾਂ ਦੇ ਅੰਗ-ਸੰਗ ਹੋ ਕੇ ਸਹਾਇਤਾ ਕਰੋ ਤਾਂ ਜੋ ਇਹ ਪਵਿੱਤਰ ਭੂਮੀ ਸ਼ੀਘਰ ਵਿਦੇਸ਼ੀ ਗ਼ੁਲਾਮੀ ਦੇ ਸ਼ਿਕੰਜੇ ਵਿਚੋਂ ਮੁਕਤ ਹੋਵੇ।

[ਇਕ ਸਾਧੂ ਨੱਸਾ ਆਉਂਦਾ ਹੈ।]

ਮਹਾਰਾਜ : ਕੀ ਗੱਲ ਐ ?

ਸਾਧੂ : (ਸਾਹੋ ਸਾਹ) ਓਹ ਦੇਖੋ ਘੋੜੇ ! ਫ਼ੌਜੀ ਸਿਪਾਹੀ !!

ਮਹਾਰਾਜ : ਜਿਸ ਗੱਲ ਦਾ ਡਰ ਸੀ ਓਹੋ ਹੋਣ ਲੱਗੀ ਹੈ। ਚਲੋ ਆਪਾਂ ਸਭ ਓਸ ਧੂਣੀ ਦੁਆਲੇ ਸਮਾਧੀ ਲਾ ਕੇ ਬੈਠੀਏ।

ਰਛਪਾਲ : ਉਹਨਾਂ ਨੇ ਤਾਂ ਘੇਰਾ ਪਾਇਆ ਹੋਇਐ !

ਮਹਾਰਾਜ : ਅਫ਼ਸੋਸ ਅਖ਼ੀਰ ਤੇ ਜਾ ਕੇ ਧੋਖਾ ਖਾ ਗਏ ਆਂ। ਫ਼ਰੰਗੀ ਸਾਥੋਂ ਵਧ ਚਤਰ ਨਿਕਲਿਐ। ਸਭ ਨੇ ਚੁੱਪ ਰਹਿਣਾ। ਕਿਸੇ ਨੇ ਕੋਈ ਹਰਕਤ ਨਹੀਂ ਕਰਨੀ। ਮੈਂ ਖ਼ੁਦ ਉਹਨਾਂ ਨਾਲ ਗੱਲ ਕਰਾਂਗਾ।

ਆਵਾਜ਼ : (ਪਿਸਤੌਲ ਤਾਣੀ ਇਕ ਅਫ਼ਸਰ ਅੱਗੇ ਵਧਦਾ ਹੈ) ਹਾਥ ਉਚੇ ਉਠਾਓ।

[ਮਹਾਰਾਜ ਸਿੰਘ ਆਪ ਉਸ ਵੱਲ ਜਾਂਦਾ ਹੈ।]

ਮਹਾਰਾਜ : ਕਿਆ ਬਾਤ ਹੈ ? ਹਮ ਤੋ ਅਮਨ ਪਸੰਦ ਸਾਧੂ ਲੋਗ ਹੈਂ। ਪ੍ਰਮਾਤਮਾ ਕਾ ਨਾਮ ਜਪਨੇ ਵਾਲੇ।

ਅਫ਼ਸਰ : ਸਭੀ ਲੋਗ ਹਥਿਆਰ ਨੀਚੇ ਫੈਂਕ ਦੋ।

ਮਹਾਰਾਜ : (ਹੱਸਦਾ ਹੋਇਆ) ਸਾਧੂ ਔਰ ਹਥਿਆਰ ! ਸੱਜਣ, ਯਕੀਨ ਕਰੋ, ਸਾਡੇ ਪਾਸ ਕੋਈ ਹਥਿਆਰ ਨਹੀਂ। ਸਭ ਖ਼ਾਲੀ ਹੱਥ ਹੈਂ। ਓ ਜਵਾਨ ! ਆਹ ਕੁਹਾੜੀ ਪਰੇ ਸੁੱਟ। ਤੂੰ ਵੀ ਬਰਛਾ ਫੈਂਕ ਦੇਹ।

ਅਫ਼ਸਰ : (ਸਿਪਾਹੀਆਂ ਨੂੰ ਇਸ਼ਾਰਾ ਕਰਦਾ ਹੋਇਆ) ਸਭ ਕੋ ਗ੍ਰਿਫ਼ਤਾਰ ਕਰੋ।

ਮਹਾਰਾਜ : ਜਨਾਬ, ਕਿਸ ਅਪਰਾਧ ਬਦਲੇ ?

ਅਫ਼ਸਰ : ਕਚਹਿਰੀ ਮੇਂ ਜਾ ਕਰ ਸਫ਼ਾਈ ਪੇਸ਼ ਕਰਨਾ। ਅਗਰ ਕੋਈ ਕੇਸ ਨਾ ਹੂਆ ਤੋ ਆਪ ਲੋਗਾਂ ਨੂੰ ਬਾਇੱਜ਼ਤ ਛੋਡ ਦੀਆ ਜਾਏਗਾ।

ਮਹਾਰਾਜ : ਚਲੋ ਭਾਈ, ਬਿਨਾਂ ਹੀਲ ਹੁੱਜਤ।

ਅਫ਼ਸਰ : ਕੁਲ ਕਿਤਨੇ ਸਾਧੂ ਲੋਗ ਹੈਂ ?

ਮਹਾਰਾਜ : ਇਕੀਸ।

ਅਫ਼ਸਰ : (ਅਦਬ ਨਾਲ) ਹੋਲੀ ਮੈਨ, ਆਪ ਰੂਹਾਨੀ ਸ਼ਖ਼ਸ ਲਗਤੇ ਹੈਂ। ਹਮੇਂ ਆਪ ਕਾ ਬਹੁਤ ਰਸਪੈਕਟ ਹੈ। ਤੁਮੇਂ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਏਗਾ। ਸ਼ਾਬਾਸ਼ ! ਇਨ ਸਭ ਕੋ ਲੈ ਕਰ ਚੁੱਪ ਚਾਪ ਚਲੋ।

[ਸਭ ਨੂੰ ਇਕੱਠਾ ਕਰ ਕੇ ਅੱਗੇ ਤੋਰ ਲਿਆ ਜਾਂਦਾ ਹੈ।]



## ਅੰਕ ਨੌਵਾਂ

ਸਥਾਨ : ਲਾਹੌਰ ਸ਼ਾਹੀ ਕਿਲ੍ਹਾ

ਸਮਾਂ : 31 ਦਸੰਬਰ 1849

ਵਕਤ : ਅੱਧੀ ਰਾਤ

ਪਿਛੋਕੜ ਤੋਂ ਗਾਣਾ :

ਨਵੇਂ ਸਾਲ ਦੀ ਖ਼ੁਸ਼ੀ ਵਿਚ ਹੋਏ ਕੱਠੇ
ਸੂਰੇ ਸਿੰਘ ਦੀ ਗ੍ਰਿਫ਼ਤਾਰੀ ਮਨਾਣ ਲੱਗੇ
ਲੈਫਟੀਨੈਂਟ ਗਵਰਨਰ ਨੇ ਕਿਹਾ ਹੁਬ ਕੇ
ਗਿਆ ਮੁਕ ਟੰਟਾ ਮਹਾਰਾਜ ਫੜ ਕੇ
ਕਮਿਸ਼ਨਰ ਦੁਆਬੇ ਦੇ ਏਲਚੀ ਬੰਬ ਸੁਟਿਆ
ਕਾਹਨੂੰ ਖ਼ੁਸ਼ੀ ਮਨਾਵਦੇ ਤੁਸੀਂ ਰਲ ਕੇ
ਪਿੰਡ ਭੈਣੀ ਵਿਚ ਭਾਰੀ ਵਰਿਆਮ ਉਠਿਆ
ਨੂਰ ਓਸ ਦਾ ਵੱਧ ਮਹਾਰਾਜ ਚਮਕੇ
ਅੱਡੇ ਰਹਿ ਗਏ ਮੂੰਹ ਫ਼ਰੰਗੀਆਂ ਦੇ
ਔਖਾ ਰਾਜ ਕਰਨਾ ਹੈ ਪੰਜਾਬ ਉੱਤੇ।

[ਖ਼ੂਬਸੂਰਤ ਸ਼ਾਮਿਆਨੇ ਹੇਠ ਨਵੇਂ ਸਾਲ ਦੀ ਆਮਦ ਦੀ ਖ਼ੁਸ਼ੀ ਵਿਚ ਜਸ਼ਨ ਹੋ ਰਿਹਾ ਹੈ। ਪੱਛਮੀ ਔਰ-ਕੈਸਟਰਾ ਦੀ ਮਧੁਰ ਧੁੰਨ ਵੱਜ ਰਹੀ ਹੈ। ਰੈਜ਼ੀਡੈਂਟ ਈਲੀਅਟ ਦੁਆਲੇ ਸਲਾਹਕਾਰ, ਆਹਲਾ ਅਫ਼ਸਰ, ਪ੍ਰਮੁੱਖ ਜਾਗੀਰਦਾਰ, ਦੇਸੀ ਰਾਜੇ ਮਹਾਰਾਜੇ, ਖ਼ੁਸ਼ਾਮਦ ਭਰੇ ਚਿਹਰੇ ਲਈ ਖੜ੍ਹੇ ਹਨ ਅਤੇ ਰੈਜ਼ੀਡੈਂਟ ਦੀ ਹਰ ਹਰਕਤ ਤੇ ਝੂਠੀਆਂ ਮੁਸਕ੍ਰਾਹਟਾਂ ਪ੍ਰਗਟ ਕਰ ਰਹੇ ਹਨ। ਹਰ ਇਕ ਦੇ ਹੱਥ ਵਿਚ ਸ਼ਰਾਬ ਦਾ ਜਾਮ ਫੜਿਆ ਹੋਇਆ ਹੈ।]

ਈਲੀਅਟ : ਫ਼ਰੈਂਡਜ਼, ਕੰਪਨੀ ਦੀ ਹਕੂਮਤ ਲਈ ਅੱਜ ਭਾਰੀ ਖ਼ੁਸ਼ੀ ਦਾ ਦਿਨ ਹੈ। ਅੰਗਰੇਜ਼ੀ ਸਰਕਾਰ ਦਾ ਨਿਹਾਇਤ ਖ਼ਤਰਨਾਕ ਜਾਨੀ-ਦੁਸ਼ਮਣ ਮਹਾਰਾਜ

ਸਿੰਘ ਜ਼ਿੰਦਾ ਪਕੜਾ ਗਿਆ ਹੈ। ਇਸ ਖ਼ੁਸ਼ੀ ਮੇਂ ਜਾਮ ਉਠਾਓ... ਚੀਰੀਓ...

[ਸਾਰੇ ਚੀਰੀਓ ਕਹਿੰਦੇ ਹੋਏ ਪੈੱਗ ਉੱਚੇ ਚੁੱਕ ਕੇ ਪੀਂਦੇ ਹਨ।]

ਐਡਵਰਡਜ਼ : ਸਰ, ਮੁਕੰਮਲ ਪਤਾ ਨਹੀਂ ਲੱਗ ਸਕਿਆ, ਐਡਾ ਖ਼ਤਰਨਾਕ ਰੈਬਲ ਕੈਸੇ ਪਕੜਾ ਗਿਆ।

ਈਲੀਅਟ : ਯੇ ਜਲੰਧਰ ਦੇ ਡਿਪਟੀ ਕਮਿਸ਼ਨਰ ਮਿਸਟਰ ਵੈਨਸਿਟਰੱਟ ਦਾ ਕਾਰਨਾਮਾ ਹੈ। ਉਸ ਨੂੰ ਅੱਜ ਦੇ ਜਸ਼ਨ ਵਿਚ ਖ਼ਾਸ ਤੌਰ 'ਤੇ ਬੁਲਾਇਆ ਗਿਆ ਹੈ। ਮਿਸਟਰ ਵੈਨਸਿਟਰੱਟ ਆਗੇ ਆਓ। (ਸਾਰੇ ਖ਼ੁਸ਼ੀ ਵਿਚ ਉੱਚੀ ਉੱਚੀ ਤਾਲੀਆਂ ਮਾਰ ਕੇ ਉਸ ਦਾ ਸਵਾਗਤ ਕਰਦੇ ਹਨ।)

ਡੀ. ਸੀ. : ਰੈਸਪੈਕਟਿਡ ਸਰ ਐਂਡ ਫ਼ਰੈਂਡਜ਼, ਪਹਿਲਾਂ ਤਾਂ ਮੈਂ ਆਲਮਾਈਟੀ ਗੌਡ ਦਾ ਸ਼ੁਕਰੀਆ ਅਦਾ ਕਰਦਾ ਹਾਂ, ਜਿਸ ਨੇ ਪੰਜਾਬ ਸਰਕਾਰ ਨੂੰ ਭਾਰੀ ਡਿਜ਼ਾਸਟਰ ਤੋਂ ਬਾਲ ਬਾਲ ਬਚਾਇਆ ਹੈ।

ਈਲੀਅਟ : ਕੈਸਾ ਡਿਜ਼ਾਸਟਰ ? ਡੀਟੇਲ ਵਿਚ ਦੱਸੋ, ਕਿਆ ਭਿਆਨਕ ਹਾਦਸਾ ਹੋਨੇ ਵਾਲਾ ਥਾ ?

ਡੀ. ਸੀ. : 3 ਦਸੰਬਰ 1850 ਅਰਲੀ ਮਾਰਨਿੰਗ ਗ਼ਦਰ ਸ਼ੁਰੂ ਕਰਨ ਲਈ ਵਕਤ ਮੁਕੱਰਰ ਸੀ। (ਸ਼ੀ ਸ਼ੀ ਦੀਆਂ ਆਵਾਜ਼ਾਂ)

ਡੀ ਸੀ. : ਰੱਬ ਦਾ ਸ਼ੁਕਰ ਹੈ ਕਿ ਛੇ ਦਿਨ ਪਹਿਲਾਂ ਡਰੈਡਫੁਲ ਕਨਸਪਰੇਸੀ ਦਾ ਭੇਦ ਖੁੱਲ੍ਹ ਗਿਆ।

ਈਲੀਅਟ : ਦੱਸ ਦਿਉ, ਕੈਸੇ ਪਤਾ ਲੱਗਾ।

ਡੀ. ਸੀ. : 28 ਦਸੰਬਰ ਦੀ ਸ਼ਾਮ ਨੂੰ ਮੇਰਾ ਖ਼ਾਸ ਜਾਸੂਸ ਦੌੜਾ-ਦੌੜਾ ਮੇਰੇ ਪਾਸ ਆਇਆ। ਉਸ ਨੇ ਬਤਾਇਆ ਆਦਮਪੁਰ ਦੁਆਬਾ ਤੋਂ 14 ਕੋਸ ਦੇ ਫ਼ਾਸਲੇ ਤੇ ਜੰਗਲ ਵਿਚ ਮਹਾਰਾਜ ਸਿੰਘ ਗੁਪਤ ਮੀਟਿੰਗ ਕਰ ਰਿਹਾ ਹੈ। ਮੈਂ ਇਕ ਮਿੰਟ ਦਾ ਵਕਤ ਜ਼ਾਇਆ ਨਾ ਕੀਤਾ, 35 ਘੋੜਸਵਾਰ ਲੈ ਕੇ ਉਸ ਜਗ੍ਹਾ ਨੂੰ ਜਾ ਘੇਰਾ ਪਾਇਆ।

ਈਲੀਅਟ : ਕੁਲ ਕਿਤਨੇ ਬੰਦੇ ਥੇ ?

ਡੀ. ਸੀ. : ਸਾਧੂਆਂ ਦੇ ਭੇਸ ਵਿਚ ਕੁਲ 21।

ਆਵਾਜ਼ : ਬਸ ਕੁਲ ਇਕੀਸ। (ਹਾਸਾ)

ਡੀ. ਸੀ. : ਅਸੀਂ ਰੱਬ ਦਾ ਸ਼ੁਕਰ ਕੀਤਾ ਕਿ ਉਹ ਸਾਰੇ ਬੇਹਥਿਆਰੇ ਸਨ। ਇਕ ਕੁਹਾੜੀ ਤੇ ਇਕ ਬਰਛੀ ਤੋਂ ਬਗ਼ੈਰ ਕੁਛ ਨਹੀਂ ਥਾ (ਫੇਰ ਹਾਸਾ) ਜੇਕਰ ਉਹਨਾਂ ਪਾਸ ਦੋ ਚਾਰ ਬੰਦੂਕਾਂ ਵੀ ਹੁੰਦੀਆਂ ਤਾਂ ਸਖ਼ਤ ਮੁਕਾਬਲਾ ਕਰਦੇ। ਸਾਡਾ ਭਾਰੀ ਨੁਕਸਾਨ ਹੁੰਦਾ ਔਰ ਉਹ ਬਚ ਨਿਕਲਦੇ।



ਈਲੀਅਟ : ਕੀ ਉਹਨਾਂ ਨੇ ਬਿਨਾਂ ਰਜ਼ਿਸਟੈਂਸ ਗ੍ਰਿਫ਼ਤਾਰੀ ਦਿੱਤੀ ?

ਡੀ. ਸੀ. : ਯੈਸ ਸਰ, ਮੇਰੇ ਆਰਡਰ ਦੇਣ ਤੇ ਉਹਨਾਂ ਨੇ ਫ਼ੌਰਨ ਹੱਥ ਖੜ੍ਹੇ ਕਰ ਦਿੱਤੇ।

ਆਵਾਜ਼ : ਵੈਰੀ ਗੁਡ ! ਖ਼ੂਬ !!

ਡੀ. ਸੀ. : ਮੈਂ ਉਹਨਾਂ ਨਾਲ ਬੜੇ ਅਦਬ ਨਾਲ ਪੇਸ਼ ਆਇਆ। ਉਹਨਾਂ ਨੂੰ ਸਖ਼ਤ ਭੁਲੇਖਾ ਲੱਗਾ ਕਿ ਸਾਨੂੰ ਸਾਧੂ ਫ਼ਕੀਰ ਸਮਝ ਕੇ ਛੋਡ ਦੇਣਗੇ।

ਈਲੀਅਟ : ਵੈਰੀ ਟੈਕਟਫੁਲ ਹੈਂਡਲਿੰਗ।

ਡੀ. ਸੀ. : ਸਰ, ਇਕ ਗੱਲ ਮੈਂ ਕਹਿਣੋਂ ਨਹੀਂ ਰੁਕ ਸਕਦਾ। ਮਹਾਰਾਜ ਸਿੰਘ ਬਹੁਤ ਹੀ ਕਲਚਰਡ, ਸਮਝਦਾਰ ਔਰ ਸਪਿਰਚੂਅਲ ਸ਼ਖ਼ਸ ਹੈ। ਨਿਹਾਇਤ ਪ੍ਰਭਾਵਸ਼ਾਲੀ ਰੂਹਾਨੀ ਸ਼ਖ਼ਸੀਅਤ ਦਾ ਮਾਲਕ ਹੈ।

ਐਡਵਰਡਜ਼ : ਸਰ, ਯੇ ਕੌਣ ਨਹੀਂ ਜਾਣਦਾ, ਤਾਂ ਹੀ ਪੂਰੇ ਤੀਨ ਸਾਲ ਅਸੀਂ ਉਸ ਨੂੰ ਪਕੜ ਨਹੀਂ ਸਕੇ।

ਈਲੀਅਟ : ਇਹ ਤੀਨ ਸਾਲ ਅਸੀਂ ਸਭ ਬੇਹੱਦ ਪ੍ਰੇਸ਼ਾਨ ਰਹੇ ਹਾਂ।

ਐਡਵਰਡਜ਼ : ਸਰ, ਇਕ ਦਿਨ ਵੀ ਕੋਈ ਆਰਾਮ ਦੀ ਨੀਂਦਰ ਨਹੀਂ ਸੌਂ ਸਕਿਆ।

ਡੀ. ਸੀ. : ਗੁਜਰਾਤ ਦੀ ਸ਼ਿਕੱਸਤ ਪਿੱਛੋਂ ਸਿਰਫ਼ ਉਸ ਇਕੱਲੇ ਨੇ ਜੰਗ ਜਾਰੀ ਰੱਖਣ ਦਾ ਐਲਾਨ ਕੀਤਾ ਸੀ।

ਦੇਸੀ ਰਾਜਾ : ਸਰ, ਐਸੇ ਖ਼ਤਰਨਾਕ ਬਾਗ਼ੀ ਨੂੰ ਖ਼ਤਮ ਕਰ ਦੇਣਾ ਚਾਹੀਦਾ ਸੀ।

ਈਲੀਅਟ : ਨੋ ਨੋ, ਯੂ ਡੋਂਟ ਨੋ। ਉਸ ਦੀ ਪੰਜਾਬੀਆਂ ਵਿਚ ਭਾਰੀ ਇੱਜ਼ਤ ਔਰ ਮਾਨ ਹੈ। ਲੋਗ ਉਸ ਦੀ ਯਸੂਹ ਮਸੀਹ ਦੀ ਮਾਨਦ ਰੈਸਪੈਕਟ ਕਰਦੇ ਹੈਨ। ਮੈਨੂੰ ਇਸ ਬਾਤ ਦਾ ਸਖ਼ਤ ਅਫ਼ਸੋਸ ਹੈ ਕਿ ਉਸੇ ਦੋ-ਤੀਨ ਦਿਨ ਭੂਖਾ ਕਿਉਂ ਰੱਖਾ ਗਿਆ।

ਐਡਵਰਡਜ਼ : ਸਰ, ਉਸੇ ਡੀਮੌਰਲਾਈਜ਼ ਕਰਨਾ ਜ਼ਰੂਰੀ ਸੀ।

ਈਲੀਅਟ : ਅਗਰ ਉਹ ਮਰ ਜਾਂਦਾ ਤੋ ਉਸ ਨੇ ਸ਼ਹੀਦ ਬਣ ਜਾਣਾ ਥਾ। ਪੰਜਾਬ ਵਿਚ ਮੁੜ ਗੜਬੜ ਦਾ ਭਾਰੀ ਖ਼ਤਰਾ ਪੈਦਾ ਹੋ ਸਕਦਾ ਥਾ।

ਦੇਸੀ ਰਾਜਾ : ਸਰ, ਹੁਣ ਉਸ ਨੂੰ ਕਿੱਥੇ ਭੇਜ ਰਹੇ ਹੋ ?

ਈਲੀਅਟ : ਫ਼ਿਲਹਾਲ ਉਸੇ ਕਲਕੱਤਾ ਭੇਜ ਰਹੇ ਹਾਂ, ਉਥੋਂ ਸ਼ਾਇਦ ਉਸੇ ਸਿੰਘਾਪੁਰ ਭੇਜਾ ਜਾਵੇਗਾ।

ਜਾਗੀਰਦਾਰ : ਜਨਾਬ, ਬਾਕੀ ਕੈਦੀਆਂ ਦਾ ਕੀ ਬਣੇਗਾ ?

ਈਲੀਅਟ : ਉਨ ਪਰ ਬਾਕਾਇਦਾ ਮੁਕੱਦਮੇ ਚਲਾ ਕਰ ਸਖ਼ਤ ਸਜ਼ਾ ਦੀ ਜਾਏਗੀ। ਮਹਾਰਾਜ ਸਿੰਘ ਦਾ ਏਕ ਪਰਸਨਿਲ ਸੈਕਟਰੀ ਖੜਕ ਸਿੰਘ ਸਾਥ ਭੇਜ ਰਹੇਂ ਹੈ।

[ਗਿਰਜਾਘਰ ਤੋਂ ਨਵੇਂ ਸਾਲ ਦੀ ਆਮਦ ਤੇ ਘੰਟੀਆਂ ਵੱਜਦੀਆਂ ਹਨ ।]

ਈਲੀਅਟ : ਅਬ ਛੋੜੋ ਇਨ ਬਾਤੋਂ ਕੋ । ਚਰਚ ਤੋਂ ਨਵੇਂ ਸਾਲ ਦੀ ਸ਼ੁਰੂਆਤ ਦੀ ਘੰਟੀ ਵੱਜ ਰਹੀ ਹੈ ।

[ਨਵਾਂ ਸਾਲ ਮੁਬਾਰਕ ਦੀਆਂ ਕੰਨ ਪਾੜੂ ਆਵਾਜ਼ਾਂ ਸਭ ਪਾਸਿਆਂ ਤੋਂ ਆਉਂਦੀਆਂ ਹਨ । ਨਵੇਂ ਸਾਲ ਦੀ ਆਮਦ ਦਾ ਦੂਰੋਂ ਪਟਾਖਿਆਂ ਨਾਲ ਸਵਾਗਤ ਹੁੰਦਾ ਹੈ ਅਤੇ ਬਿਗਲ ਵੱਜਦਾ ਸੁਣਾਈ ਦਿੰਦਾ ਹੈ । ਨਾਲ ਦੇ ਕਮਰੇ ਵਿਚੋਂ ਔਰਕੈਸਟਰਾ ਵੱਜਦਾ ਹੈ ਅਤੇ ਨਾਚ ਗਾਣਾ ਸ਼ੁਰੂ ਹੁੰਦਾ ਹੈ ।]

ਅਰਦਲੀ : ਹਜ਼ੂਰ, ਇਕ ਖ਼ਬਰ-ਨਵੀਸ ਕੋਈ ਖ਼ਾਸ ਖ਼ਬਰ ਲੈ ਕੇ ਆਇਆ ਹੈ ।

ਈਲੀਅਟ : ਫ਼ੌਰਨ ਬੁਲਾਓ ।

[ਖ਼ੁਫ਼ੀਆ ਖ਼ਬਰ-ਨਵੀਸ ਝੁਕ ਕੇ ਇਕ ਚਿੱਠੀ ਪੇਸ਼ ਕਰਦਾ ਹੈ ।]

ਐਡਵਰਡਜ਼ : ਸਰ, ਕਿਆ ਕੋਈ ਖ਼ੁਸ਼ੀ ਦੀ ਖ਼ਬਰ ਹੈ ?

ਈਲੀਅਟ : ਹਾਂ । ਦੁਆਬੇ ਦੇ ਕਮਿਸ਼ਨਰ ਮਿਸਟਰ ਮੈਕਲੌਡ ਤਰਫ਼ੋਂ ਏਕ ਸੀਰੀਅਸ ਖ਼ਬਰ ਹੈ ।

ਕਈ ਆਵਾਜ਼ਾਂ : ਸਰ, ਕਿਆ ਖ਼ਬਰ ਹੈ ?

ਈਲੀਅਟ : ਲਿਖਦਾ ਹੈ ਕਿ ਅਸੀਂ ਅੱਜ ਇਕ ਮਹਾਨ ਰੂਹਾਨੀ ਇਨਕਲਾਬੀ ਨੂੰ ਗ੍ਰਿਫ਼ਤਾਰ ਕਰ ਕੇ ਖ਼ੁਸ਼ੀ ਮਨਾ ਰਹੇ ਹਾਂ । ਮਗਰ ਉਸ ਦੀ ਸਪਿਰਟ ਸਾਰੇ ਪੰਜਾਬ ਵਿਚ ਫੈਲ ਚੁੱਕੀ ਹੈ । ਮਹਾਰਾਜ ਸਿੰਘ ਨਾਲੋਂ ਵੀ ਖ਼ਤਰਨਾਕ ਲੀਡਰ ਉਠ ਖੜ੍ਹਾ ਹੋਇਆ ਹੈ ।

ਐਡਵਰਡਜ਼ : ਸਰ, ਕਿਸ ਜਗ੍ਹਾ ਕੀ ਬਾਤ ਹੈ ?

ਈਲੀਅਟ : ਲਿਖਦਾ ਹੈ, ਪਿੰਡ ਭੈਣੀ ਡਿਸਟ੍ਰਿਕਟ ਲੁਧਿਆਣਾ ਵਿਚ ਏਕ ਰੂਹਾਨੀ ਸ਼ਖ਼ਸ ਨਿਹਾਇਤ ਖ਼ਤਰਨਾਕ ਪ੍ਰਚਾਰ ਕਰ ਰਿਹਾ ਹੈ ।

ਐਡਵਰਡਜ਼ : ਸਰ, ਕੌਣ ਹੈ ਉਹ ?

ਈਲੀਅਟ : ਨਾਮ ਭਾਈ ਰਾਮ ਸਿੰਘ ਨਾਮਧਾਰੀ ਬਤਾਇਆ ਹੈ । ਮੁਦਕੀ ਦੀ ਲੜਾਈ ਪਿੱਛੋਂ ਉਹ ਫ਼ੌਜੀ ਨੌਕਰੀ ਛੋੜ ਕਰ ਪਿੰਡ ਚਲਾ ਗਿਆ ਥਾ ।

ਐਡਵਰਡਜ਼ : ਸਰ, ਖ਼ਤਰਨਾਕ ਕਿਆ ਬਾਤ ਹੈ ?

ਈਲੀਅਟ : ਉਸ ਨੇ ਸਿਵਲ ਨਾਫ਼ਰਮਾਨੀ ਔਰ ਨੌਨ-ਕੋਪਰੇਸ਼ਨ ਦੀ ਮੂਵਮੈਂਟ ਸ਼ੁਰੂ



ਕਰ ਦੀ ਹੈ । ਹਰ ਅੰਗਰੇਜ਼ੀ ਚੀਜ਼ ਦਾ ਕੰਪਲੀਟ ਬਾਈਕਾਟ ।

ਅਫ਼ਸਰ : ਸਰ, ਫਿਰ ਤੋ ਵਾਕਿਆਈ ਬਹੁਤ ਫ਼ਿਕਰ ਵਾਲੀ ਬਾਤ ਹੈ । ਸਾਡੇ ਬਿਜ਼ਨੈੱਸ ਨੂੰ ਭਾਰੀ ਨੁਕਸਾਨ ਪਹੁੰਚ ਸਕਦਾ ਹੈ ।

ਈਲੀਅਟ : ਐਸੀ ਖ਼ਤਰਨਾਕ ਮੂਵਮੈਂਟ ਪਹਿਲੇ ਕਭੀ ਨਹੀਂ ਹੋਈ ।

ਐਡਵਰਡਜ਼ : ਸਰ, ਮਹਾਰਾਜ ਸਿੰਘ ਨੂੰ ਪਕੜ ਕੇ ਅਸੀਂ ਤਾਂ ਸਮਝਿਆ ਸੀ ਕਿ ਪੰਜਾਬ ਵਿਚ ਅਮਨ-ਚੈਨ ਕਾਇਮ ਹੋ ਜਾਵੇਗਾ । ਮਗਰ ਪੰਜਾਬੀਆਂ ਨੂੰ ਕਾਬੂ ਰੱਖਣਾ ਬਹੁਤ ਮੁਸ਼ਕਿਲ ਹੈ । ਇਹ ਲੋਗ ਬਹੁਤ ਗ਼ੈਰਤਮੰਦ ਹੈਂ । ਮਰਨ ਤੋਂ ਬਿਲਕੁਲ ਨਹੀਂ ਡਰਦੇ ।

ਈਲੀਅਟ : ਸੱਚਮੁੱਚ ! ਇਹਨਾਂ ਦੀ ਅਣਖ ਨੂੰ ਕੁਚਲਨਾ ਇੰਪੌਸੀਬਲ ਹੈ ।

ਐਡਵਰਡਜ਼ : ਸਰ, ਇਸ ਖ਼ਬਰ ਨੇ ਤਾਂ ਸਭ ਦਾ ਨਸ਼ਾ ਹੀ ਉਤਾਰ ਦਿੱਤਾ ।

ਈਲੀਅਟ : ਨਵੇਂ ਸਾਲ ਦੀ ਖ਼ੁਸ਼ੀ ਵਿਚ ਖਲਲ ਡਾਲ ਦੀਆ ਹੈ । ਸਭ ਦਾ ਮੂਡ ਖ਼ਰਾਬ ਕਰ ਦਿੱਤਾ ਹੈ । ਮੈਂ ਅਭੀ ਲਾਰਡ ਡਲਹੌਜ਼ੀ ਨੂੰ ਭਾਈ ਰਾਮ ਸਿੰਘ ਬਾਬਤ ਇਤਲਾਹ ਭੇਜਦਾ ਹਾਂ ।

[ਛੇਤੀ ਛੇਤੀ ਜਾਂਦਾ ਹੈ, ਸਾਰੇ ਸੁੰਨ ਵੱਟਾ ਖੜੇ ਦੇਖਦੇ ਹਨ ।]

# ਅੰਕ ਦਸਵਾਂ

ਸਥਾਨ : ਸਿੰਘਾਪੁਰ

ਸਮਾਂ : 1856

ਵਕਤ : ਸ਼ਾਮ

ਪਿਛੋਕੜ ਤੋਂ ਗਾਣਾ :

ਸੰਤ ਸਿਪਾਹੀ ਇਨਕਲਾਬੀ ਮਹਾਰਾਜ ਸਿੰਘ ਸੀ
ਛੇ ਸਾਲ ਰਿਹਾ ਸਿੰਘਾਪੁਰ ਜੇਲ੍ਹ ਭੀਤਰ
ਸਿਹਤ ਗਿਰ ਗਈ ਭਾਵੇਂ ਬੇਹੱਦ ਉਸ ਦੀ
ਸੂਰਾ ਡੋਲਿਆ ਨਾ ਅੰਤਮ ਦਮ ਤੀਕਰ
ਦਿੱਤਾ ਵਾਰ ਜੀਵਨ ਬੇਅੰਤ ਕਸ਼ਟ ਝੱਲੇ
ਚੜ੍ਹਦੀ ਕਲਾ ਵਿਚ ਰਿਹਾ ਮਰਦੇ ਦਮ ਤੀਕਰ
ਸਦਾ ਜਿਊਂਦੇ ਰਹਿਣ ਸ਼ਹੀਦ ਯੋਧੇ
ਵਾਰਨ ਜਾਨਾਂ ਜੋ ਦੇਸ਼ ਦੀ ਅਣਖ ਖ਼ਾਤਰ

[ਸਿੰਘਾਪੁਰ ਦੀ ਜੇਲ੍ਹ ਅੰਦਰ ਅੰਗਰੇਜ਼ ਜੇਲ੍ਹਰ ਖੜਕ ਸਿੰਘ ਨਾਲ ਖੜ੍ਹਾ ਗੱਲਾਂ ਕਰਦਾ ਹੈ।]

ਜੇਲ੍ਹਰ : ਮਿਸਟਰ ਖੜਕ ਸਿੰਘ, ਅਪਨੇ ਗੁਰੂ ਕੋ ਸਮਝਾਓ, ਮੁਆਫ਼ੀ ਮਾਂਗ ਲੇ। ਮੈਂ ਪੁਰਜ਼ੋਰ ਸਿਫ਼ਾਰਸ਼ ਕਰਾਂਗਾ। ਜ਼ਰੂਰ ਰਿਹਾਅ ਹੋ ਜਾਏਗਾ। ਉਸ ਦਾ ਪਿਛਲੇ ਛੇ ਸਾਲ ਕਾ ਰਿਕਾਰਡ ਐਕਸਲੈਂਟ ਹੈ। ਏਕ ਭੀ ਸ਼ਿਕਾਇਤ ਉਸ ਕੇ ਖ਼ਿਲਾਫ਼ ਦਰਜ ਨਹੀਂ ਹੈ।

ਖੜਕ : ਸਾਹਬ, ਕਿਆ ਉਲਟੀ ਬਾਤ ਕਰਦਾ ਹੈਂ, ਮੈਂ ਗੁਰੂ ਜੀ ਦਾ ਸੇਵਕ ਹਾਂ, ਸਲਾਹਕਾਰ ਨਹੀਂ।

ਜੇਲ੍ਹਰ : ਉਸ ਕੀ ਬਿਹਤਰੀ ਕੇ ਲੀਏ ਤੁਮ੍ਹੇਂ ਯੇ ਕਾਮ ਕਰਨਾ ਚਾਹੀਦਾ ਹੈ।

ਖੜਕ : ਸਾਹਬ, ਉਹ ਮਹਾਂਪੁਰਖ ਹੈ। ਅਪਨੀ ਬਿਹਤਰੀ ਅੱਛੀ ਤਰ੍ਹਾਂ ਜਾਣਦਾ ਹੈ।

ਜੇਲ੍ਹਰ : ਉਸ ਕੀ ਸਿਹਤ ਬੇਹੱਦ ਖ਼ਰਾਬ ਹੈ।



ਖੜਕ : ਸਾਹਬ, ਸਿਹਤ ਤਾਂ ਖ਼ਰਾਬ ਹੋਣੀ ਹੀ ਸੀ। ਸਾਹੀ ਕੈਦੀ ਹੁੰਦੇ ਹੋਏ ਤੁਸੀਂ ਉਹਨਾਂ ਨੂੰ 'ਜੇਹੀ ਕਾਲ ਕੋਠੜੀ 'ਚ ਡਕਿਐ, ਜਿੱਥੇ ਨਾ ਹਵਾ, ਨਾ ਠੀਕ ਰੋਸ਼ਨੀ ਜਾਂਦੀ ਹੈ। ਉਹਨਾਂ ਨੇ ਫੇਰ ਵੀ ਉਫ਼ ਤੱਕ ਨਹੀਂ ਕੀਤੀ।

ਜੇਲ੍ਹਰ : ਉਸ ਕੋ ਖ਼ਤਰਨਾਕ ਬਿਮਾਰੀ ਹੈ। ਜ਼ਬਾਨ ਕਾ ਕੈਂਸਰ ਹੈ। ਬਚਨਾ ਮੁਸ਼ਕਿਲ ਹੈ।

ਖੜਕ : ਕੰਪਨੀ ਬਹਾਦਰ, ਸਿੰਘ ਮਰਨ ਤੋਂ ਨਹੀਂ ਡਰਦਾ, ਸੱਚ ਤੇ ਡਟ ਕੇ ਪਹਿਰਾ ਦਿੰਦਾ ਹੈ। ਨਾ ਹੀ ਉਹ ਤਰਲੇ-ਮਿੰਨਤਾਂ ਕਰਦਾ ਹੈ। ਕੀ ਉਹਨਾਂ ਨੇ ਕਦੇ ਸ਼ਿਕਾਇਤ ਕੀਤੀ ਹੈ?

ਜੇਲ੍ਹਰ : ਬਿਲਕੁਲ ਨਹੀਂ! ਮੈਂ ਤਾਂ ਕਈ ਦਫ਼ਾ ਲੈਫ਼ਟੀਨੈਂਟ ਗਵਰਨਰ ਨੂੰ ਲਿਖ ਚੁੱਕਾ ਹਾਂ। ਮੈਂ ਸਾਰੀ ਉਮਰ ਵੀਚ ਐਸਾ ਨੇਕ ਇਨਸਾਨ ਨਹੀਂ ਦੇਖਾ। (ਆਲੇ ਦੁਆਲੇ ਦੇਖ ਕੇ) ਬੇਸ਼ੱਕ ਉਹ ਅੰਗਰੇਜ਼ੀ ਹਕੂਮਤ ਤੋਂ ਬਾਗੀ ਹੈ। ਮਗਰ ਈਸਾ ਮਸੀਹ ਦੀ ਮਾਫਕ ਪਾਕ-ਪਵਿੱਤਰ ਹੈ।

ਖੜਕ : ਸਾਹਬ, ਇਸ ਵਕਤ ਪੰਜਾਬ ਭਰ 'ਚ ਉਹ ਸਭ ਤੋਂ ਵੱਧ ਸਤਿਕਾਰਯੋਗ ਹਸਤੀ ਹੈ।

ਜੇਲ੍ਹਰ : ਕੋਈ ਸ਼ੱਕ ਨਹੀਂ। ਤੁਮ ਐਸਾ ਕਰੋ, ਉਸ ਕੋ ਬੋਲੋ ਕਿ ਮੁਆਫ਼ੀ ਕਾ ਲਫ਼ਜ਼ ਨਾ ਲਿਖੇ।

ਖੜਕ : ਕੰਪਨੀ ਬਹਾਦਰ, ਤੂੰ ਪੰਜਾਬੀ ਸਿੰਘਾਂ ਨੂੰ ਨਹੀਂ ਸਮਝਦਾ। ਉਹ ਟੁੱਟ ਸਕਦੇ ਨੇ, ਮਗਰ ਬੈਂਤ ਦੀ ਤਰ੍ਹਾਂ ਕਦੀ ਝੁਕ ਨਹੀਂ ਸਕਦੇ।

ਜੇਲ੍ਹਰ : ਤੁਮ ਏਕ ਦਫ਼ਾ ਕੋਸ਼ਿਸ਼ ਕਰ ਕੇ ਦੇਖੋ। ਸ਼ਾਬਾਸ਼!

ਖੜਕ : ਸਾਹਬ, ਇਹ ਬਿਲਕੁਲ ਨਹੀਂ ਹੋ ਸਕਦਾ।

ਜੇਲ੍ਹਰ : ਕਿਉਂ?

ਖੜਕ : ਮੈਂ ਨਰਕ ਦਾ ਭਾਗੀ ਬਣਾਂਗਾ।

ਜੇਲ੍ਹਰ : ਉਹ ਕੈਸੇ?

ਖੜਕ : ਉਹਨਾਂ ਨੂੰ ਆਪਣੇ ਧਰਮ ਕਰਮ ਤੋਂ ਡਿੱਗਣ ਦੀ ਗੱਲ ਕਹਿ ਕੇ।

ਜੇਲ੍ਹਰ : ਅੱਛਾ, ਮੈਂ ਖ਼ੁਦ ਮਿਲਦਾ ਹਾਂ।

ਖੜਕ : ਹਾਂ, ਆਹ ਤਾਂ ਗੱਲ ਹੋਈ ਬੰਦਿਆਂ ਵਾਲੀ।

[ਜੇਲ੍ਹਰ ਅੱਗੇ ਵੱਧਦਾ ਹੈ। ਮਹਾਰਾਜ ਸਿੰਘ ਸੀਖਾਂ ਪਿੱਛੇ ਨਾਮ-ਸਿਮਰਨ ਵਿਚ ਲੀਨ ਹੈ। ਸਰੀਰਕ ਤੌਰ ਤੇ ਬਹੁਤ ਖਸਤਾ ਹਾਲਤ ਵਿਚ ਦਿਖਾਈ ਦਿੰਦਾ ਹੈ।]

ਜੇਲ੍ਹਰ : ਹੋਲੀ ਮੈਨ, ਸਤਿ ਸਰੀ ਅਕਾਲ!

ਮਹਾਰਾਜ : (ਹੱਥ ਜੋੜ ਕੇ ਸਿਰ ਦੇ ਇਸ਼ਾਰੇ ਨਾਲ ਹੌਲੀ ਜਿਹੀ) ਸਤਿ ਸ੍ਰੀ ਅਕਾਲ।

ਜੇਲ੍ਹਰ : ਗੌਡ ਫ਼ਾਦਰ, ਆਪ ਕੀ ਸਿਹਤ ਬਹੁਤ ਖ਼ਰਾਬ ਹੈ। ਹਮੇਂ ਬਹੁਤ ਫ਼ਿਕਰ ਹੈ।

ਮਹਾਰਾਜ : (ਮੁਸਕਰਾ ਕੇ) ਜੇਲ੍ਹਰ ਸਾਹਿਬ, ਤੁਹਾਨੂੰ ਫ਼ਿਕਰ ਕਰਨ ਦੀ ਕੀ ਲੋੜ ਹੈ। ਸਗੋਂ ਤੁਸੀਂ ਤਾਂ ਚਾਹੁੰਦੇ ਹੋ, ਜਲਦ ਜੇਲ੍ਹ ਤੋਂ ਬਦਖ਼ੂ ਖਾਰਜ ਹੋਵੇ।

ਜੇਲ੍ਹਰ : ਹੋਲੀ ਮੈਨ, ਤੁਮ ਹਮਾਰੇ ਸਾਥ ਨਾਰਾਜ਼ ਹੋ। ਹਮ ਤੋਂ ਕੰਪਨੀ ਕਾ ਮੁਲਾਜ਼ਮ ਹੈ, ਸਰਕਾਰੀ ਹੁਕਮ ਦਾ ਪਾਬੰਦ।

ਮਹਾਰਾਜ : ਜੇਲ੍ਹਰ ਸਾਹਿਬ, ਗੁਰਸਿੱਖ ਆਪਣੇ ਗੁਰੂ ਦੇ ਹੁਕਮ ਅਨੁਸਾਰ ਚਲਦਾ ਹੈ। ਉਸ ਦਾ ਕਿਸੇ ਨਾਲ ਵੈਰ-ਵਿਰੋਧ ਨਹੀਂ। ਉਸ ਲਈ ਸਭ ਮਾਨਵ ਜਾਤੀ ਇਕ ਹੈ :

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ।

ਜੇਲ੍ਹਰ : (ਜ਼ਾਹਰਾ ਪ੍ਰਭਾਵ ਕਬੂਲਦਾ ਹੋਇਆ) ਆਪ ਕੇ ਖ਼ਿਆਲਾਂ ਤੋਂ ਮੈਂ ਬਹੁਤ ਮੁਤਾਸਰ ਹਾਂ।

ਮਹਾਰਾਜ : ਫ਼ਰਮਾਓ, ਕਿਸ ਤਰ੍ਹਾਂ ਤਸ਼ਰੀਫ਼ ਲਿਆਏ ਓ ?

ਜੇਲ੍ਹਰ : ਆਪ ਨੇਕ ਸ਼ਖ਼ਸ ਹੈਂ। ਮੈਨੂੰ ਆਪ ਦੇ ਸਾਥ ਬਹੁਤ ਹਮਦਰਦੀ ਹੈ। ਮੈਂ ਆਪ ਦੀ ਮਦਦ ਕਰਨੀ ਚਾਹੁੰਦਾ ਹਾਂ।

ਮਹਾਰਾਜ : ਸ਼ੁਕਰੀਆ ! ਕੈਸੀ ਮਦਦ ?

ਜੇਲ੍ਹਰ : ਸਰਕਾਰੀ ਡਾਕਟਰ ਦੀ ਤਾਜ਼ਾ ਰਿਪੋਰਟ ਮੁਤਾਬਿਕ ਆਪ ਸਖ਼ਤ ਬਿਮਾਰ ਹੈਂ।

ਮਹਾਰਾਜ : ਜੇਲ੍ਹਰ ਸਾਹਿਬ, ਕੋਈ ਬਾਤ ਨਹੀਂ। ਦੁੱਖ ਔਰ ਸੁੱਖ ਸਰੀਰ ਦੇ ਨਾਲ ਹੀ ਹਨ। ਅਸੀਂ ਤਾਂ ਦੁੱਖ ਸੁੱਖ ਦੋਹਾਂ ਹਾਲਤਾਂ ਵਿਚ ਰੱਬ ਦਾ ਸ਼ੁਕਰ ਕਰਦੇ ਹਾਂ :

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ।

ਜੇਲ੍ਹਰ : ਹੋਲੀ ਮੈਨ, ਮੇਰੀ ਅਰਜ਼ ਮੰਨੋ, ਚੰਦ ਲਫ਼ਜ਼ ਸੌਰੀ ਦੀ ਮਾਨਿੰਦ ਕਹਿ ਦਿਉ।

ਮਹਾਰਾਜ : ਗੋਇਆ ਕਿ ਤੁਸੀਂ ਮੈਥੋਂ ਢੰਗ ਨਾਲ ਮੁਆਫ਼ੀ ਮੰਗਵਾਣਾ ਚਾਹੁੰਦੇ ਹੋ। ਜੇਲ੍ਹਰ ਸਾਹਿਬ, ਕੀ ਪਰਵਾਨਾ ਸ਼ਮਾਂ ਤੋਂ ਮੁਆਫ਼ੀ ਮੰਗਦਾ ਹੈ ? ਕੀ ਕੋਈ ਸ਼ਖ਼ਸ ਪ੍ਰਾਣਾਂ ਤੋਂ ਬਗ਼ੈਰ ਜੀ ਸਕਦਾ ਹੈ ? ਆਜ਼ਾਦੀ ਜੀਵ-ਜੰਤੂ ਲਈ ਪ੍ਰਾਣਾਂ ਸਮਾਨ ਹੁੰਦੀ ਹੈ। ਚੰਗੀ ਤਰ੍ਹਾਂ ਸਮਝ ਲਵੋ, ਗੁਰੂ ਦਾ ਸਿੱਖ ਅਰਦਾਸ ਕਰ ਕੇ ਬੇਮੁਖ ਕਦੇ ਨਹੀਂ ਹੁੰਦਾ। ਮੁਆਫ਼ੀ ਉਲਟੀ ਤੁਹਾਨੂੰ ਮੈਥੋਂ



ਮੰਗਣੀ ਚਾਹੀਦੀ ਹੈ ਜਿਨ੍ਹਾਂ ਨੇ ਮੈਨੂੰ ਯੋਗ ਹਵਾ ਰੌਸ਼ਨੀ ਤੋਂ ਬਿਨਾਂ ਛੇ ਸਾਲ ਖ਼ੌਫ਼ਨਾਕ ਕਾਤਲ ਦੀ ਤਰ੍ਹਾਂ ਬੰਦੀ ਬਣਾ ਕੇ ਰੱਖਿਆ ਹੈ। ਤੁਸੀਂ ਈਸਾ ਮਸੀਹ ਨੂੰ ਜ਼ਬਾਨੀ ਕਲਾਮੀ ਮੰਨਦੇ ਹੋ ਪਰ ਉਨ੍ਹਾਂ ਦੀ ਸਿਖਿਆ ਉਤੇ ਅਮਲ ਨਹੀਂ ਕਰਦੇ।

ਜੇਲ੍ਹਰ : ਫਿਰ ਬਤਾਓ, ਤੁਮ ਕਿਆ ਚਾਹਤੇ ਹੋ ?

ਮਹਾਰਾਜ : ਮੇਰੀ ਦਿਲੀ ਖ਼ਾਹਸ਼ ਹੈ, ਤੁਸੀਂ ਮੈਨੂੰ ਫ਼ੌਰਨ ਫਾਹੇ ਲਾ ਦਿਉ ਤਾਂ ਜੋ ਮੈਂ ਨਵਾਂ ਜਨਮ ਲੈ ਕੇ ਮੁੜ ਆਜ਼ਾਦੀ ਲਈ ਜੰਗ ਜਾਰੀ ਰੱਖ ਸਕਾਂ।

ਜੇਲ੍ਹਰ : ਮੈਂ ਆਖ਼ਰੀ ਦਫ਼ਾ ਅਪੀਲ ਕਰਦਾ ਹਾਂ, ਤੁਮ ਦੋ ਲਫ਼ਜ਼ ਕਹਿ ਕੇ ਕਾਲ ਕੋਠੜੀ ਤੋਂ ਛੁਟਕਾਰਾ ਪਾਓ, ਬਾਕੀ ਜ਼ਿੰਦਗੀ ਆਰਾਮ ਨਾਲ ਗੁਜ਼ਾਰੋ।

ਮਹਾਰਾਜ : ਜੇਲ੍ਹਰ ਸਾਹਿਬ, ਅਫ਼ਸੋਸ ਤੁਸੀਂ ਸਿਖ ਮਤ ਬਾਰੇ ਕੁਛ ਨਹੀ ਜਾਣਦੇ। ਗੁਰੂ ਦਾ ਪੱਕਾ ਸਿਖ ਐਸ਼-ਆਰਾਮ ਲਈ ਪੈਦਾ ਨਹੀਂ ਹੁੰਦਾ। ਨਾ ਹੀ ਉਹ ਆਪਣੇ ਲਈ ਜਿਊਂਦਾ ਹੈ। ਉਸ ਦਾ ਜੀਵਨ-ਮਨੋਰਥ ਮਨੁੱਖ ਜਾਤੀ ਲਈ ਕੁਰਬਾਨੀ ਅਤੇ ਸੇਵਾ ਹੈ।

ਜੇਲ੍ਹਰ : ਤੁਮ ਅਪਨੇ ਸਟੈਂਡ ਪਰ ਬਜ਼ਿਦ ਹੋ।

ਮਹਾਰਾਜ : ਹਾਂ, ਮੈਂ ਆਪਣੇ ਅਕੀਦੇ ਉੱਤੇ ਦ੍ਰਿੜ੍ਹ ਹਾਂ। ਮੈਂ ਜੋ ਕੁਝ ਕੀਤਾ ਹੈ ਆਪਣਾ ਇਖ਼ਲਾਕੀ ਫ਼ਰਜ਼ ਔਰ ਰੂਹਾਨੀ ਮਿਸ਼ਨ ਸਮਝ ਕੇ ਕੀਤਾ ਹੈ।

ਜੇਲ੍ਹਰ : ਆਖ਼ਰ ਤੁਮ ਪੁਲੀਟੀਕਲ ਮੁਜਰਮ ਹੈਂ।

ਮਹਾਰਾਜ : ਤੁਹਾਡੇ ਲਈ ਦੇਸ਼-ਭਗਤੀ ਗ਼ੱਦਾਰੀ ਹੈ, ਮਗਰ ਸਾਡੇ ਲਈ ਸਭ ਤੋਂ ਪਵਿੱਤਰ ਕਾਰਜ। ਜੇਲ੍ਹਰ ਸਾਹਿਬ, ਇਹ ਦੱਸੋ, ਜੇ ਤੁਹਾਡੇ ਮੁਲਕ ਨੂੰ ਕੋਈ ਛਲ ਕਪਟ ਨਾਲ ਗ਼ੁਲਾਮ ਬਣਾਉਣਾ ਚਾਹੇ ਤਾਂ ਤੁਹਾਡਾ ਕੀ ਕਰਤੱਵ ਹੋਵੇਗਾ ?

ਜੇਲ੍ਹਰ : ਮੈਂ ਅਪਨੇ ਮੁਲਕ ਖ਼ਾਤਰ ਮਰ ਮਿਟਾਂਗਾ।

ਮਹਾਰਾਜ : (ਮੁਸਕ੍ਰਾਂਦਾ ਹੋਇਆ) ਮੇਰਾ ਵੀ ਇਹੋ ਸਟੈਂਡ ਹੈ। ਤੁਸੀਂ ਪੰਜਾਬ ਨੂੰ ਤਾਕਤ ਨਾਲ ਨਹੀਂ ਜਿੱਤਿਆ ਸਗੋਂ ਚਲਾਕੀ ਤੇ ਕੁਟਿਲ ਨੀਤੀ ਨਾਲ ਗ਼ੈਰ-ਕਾਨੂੰਨੀ ਤੌਰ ਤੇ ਕਾਬੂ ਕੀਤਾ ਹੈ।

ਜੇਲ੍ਹਰ : ਮੈਂ ਇਹ ਬਾਗ਼ੀ ਬਾਤਾਂ ਨਹੀਂ ਸੁਨ ਸਕਤਾ।

ਮਹਾਰਾਜ : ਤੁਹਾਡੇ ਵਿਚ ਸੱਚ ਸੁਣਨ ਦੀ ਤਾਕਤ ਹੀ ਨਹੀਂ, ਕਿਉਂਕਿ ਤੁਸੀਂ ਦੁਨੀਆ ਦੇ ਸਿਆਸੀ ਇਤਿਹਾਸ ਵਿਚ ਭਾਰੇ ਅਪਰਾਧੀ ਹੋ। ਹਿੰਦੁਸਤਾਨ ਵਿਚ ਬੇਈਮਾਨੀ ਨਾਲ ਭਰਾਵਾਂ ਨੂੰ ਲੜਾ ਭੜਾ ਕੇ ਹਕੂਮਤ ਕਰ ਰਹੇ ਓ।

[ਗੁੱਸੇ ਨਾਲ ਤੁਰ ਪੈਂਦਾ ਹੈ।]

ਖੜਕ : ਕੰਪਨੀ ਬਹਾਦਰ, ਕਿਆ ਹੋਇਆ । ਐਨੇ ਖ਼ਫ਼ਾ ਕਿਉਂ ਹੋ ?

ਜੇਲ੍ਹਰ : ਤੇਰੇ ਗੁਰੂ ਕਾ ਜਿਸਮ ਤੋ ਗਲਾ ਪੜਾ ਥਾ, ਦਿਮਾਗ਼ ਭੀ ਖ਼ਰਾਬ ਹੋ ਗਿਆ।

ਖੜਕ : ਕੰਪਨੀ ਬਹਾਦਰ, ਸਾਡਾ ਆਗੂ ਮਹਾਨ ਰੂਹਾਨੀ ਪੁਰਖ ਹੈ । ਤੁਸੀਂ ਉਸ ਦਾ ਸਰੀਰ ਕੈਦ ਕੀਤਾ ਹੈ ਉਹਨਾਂ ਦੀ ਆਤਮਾ ਆਜ਼ਾਦ ਹੈ । ਉਹ ਮੁੜ ਮੁੜ ਜਨਮ ਧਾਰੇਗੀ ਔਰ ਫ਼ਰੰਗੀਆਂ ਨੂੰ ਦੇਸੋਂ ਨਿਕਾਲੇਗੀ ।

ਜੇਲ੍ਹਰ : ਸ਼ਟ ਅਪ ! ਯੂ ਈਡੀਅਟ ਡਲਟੀ ਫ਼ੈਲੋ !!

ਖੜਕ : (ਉੱਚੀ ਉੱਚੀ ਹੱਸਦਾ ਹੋਇਆ) ਸਾਹਬ ਨੂੰ ਸੱਚੀ ਗੱਲ ਕੌੜੀ ਮਿਰਚ ਵਾਂਗੂ ਲੱਗੀ ਐ ।

[ਜੇਲ੍ਹਰ ਗੁੱਸੇ ਵਿਚ ਛੇਤੀ ਛੇਤੀ ਜਾਂਦਾ ਹੈ । ਖੜਕ ਸਿੰਘ ਉੱਚੀ ਉੱਚੀ ਹੱਸਦਾ ਹੋਇਆ ਮਹਾਰਾਜ ਸਿੰਘ ਵੱਲ ਦੇਖਦਾ ਹੈ, ਉਹ ਮੁਸਕਰਾ ਰਿਹਾ ਹੈ ।]



## ਅੰਤਿਕਾ

ਸੰਤ ਸਿਪਾਹੀ ਭਾਈ ਮਹਾਰਾਜ ਸਿੰਘ (ਵਿਰੋਧੀ ਅੰਗਰੇਜ਼ ਅਨੁਸਾਰ ਸੇਂਟ ਰੈਬਲ) ਦੇ ਜੀਵਨ, ਅਦੁਤੀ ਕਾਰਨਾਮਿਆਂ ਅਤੇ ਸ਼ਹੀਦੀ ਨੂੰ ਮੈਂ ਨਾਟਕੀ ਰੂਪ ਵਿਚ ਪੇਸ਼ ਕੀਤਾ ਹੈ । ਭੂਮਿਕਾ ਵਿਚ ਮੈਂ ਉਸ ਮਹਾਂਪੁਰਸ਼ ਦੀ ਘਾਲ ਕਮਾਈ ਦੇ ਪ੍ਰਭਾਵ ਦੀ ਇਤਿਹਾਸਕ ਮਹੱਤਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ । ਇਸ ਕਿੰਤੂ ਦਾ ਉੱਤਰ ਦੇਣਾ ਵੀ ਜ਼ਰੂਰੀ ਸੀ—ਜੇਕਰ ਭਾਈ ਮਹਾਰਾਜ ਸਿੰਘ ਉਸ ਕਾਲ ਦੇ ਐਨੇ ਮਹਾਨ ਵਿਅਕਤੀ ਸਨ ਤਾਂ ਫੇਰ ਲੋਕਾਂ ਦੇ ਮਨਾਂ ਤੋਂ ਕਿਵੇਂ ਅਲੋਪ ਹੋ ਗਏ । ਬਹੁਤੇ ਪੰਜਾਬੀਆਂ ਨੂੰ ਤਾਂ ਉਸ ਦੇ ਨਾਂ ਤਕ ਦਾ ਪਤਾ ਨਹੀਂ । ਮਹਾਨ ਸਿਕੰਦਰ ਦੇ ਪੰਜਾਬ ਉੱਤੇ ਹੱਲੇ ਦਾ ਕਿਸੇ ਵੀ ਭਾਰਤੀ ਪੁਸਤਕ ਵਿਚ ਜ਼ਿਕਰ ਨਹੀਂ ਮਿਲਦਾ । ਤਾਂ ਕੀ ਐਡੀ ਭਾਰੀ ਇਤਿਹਾਸਕ ਘਟਨਾ ਵਾਪਰੀ ਨਹੀਂ ਸੀ ?

ਭਾਈ ਮਹਾਰਾਜ ਸਿੰਘ ਨੂੰ ਗੁਮਨਾਮ ਕਰਨ ਦੇ ਵਿਸ਼ੇਸ਼ ਕਾਰਨ ਸਨ । ਕੁਟਿਲ ਨੀਤੀਵਾਨ ਅੰਗਰੇਜ਼ਾਂ ਨੇ ਤਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਛੁਟਿਆਉਣ ਦੇ ਕਈ ਲੁਕਵੇਂ ਯਤਨ ਕੀਤੇ ਸਨ । ਪੰਡਤ ਸ਼ਰਧਾ ਰਾਮ ਫਲੌਰੀ ਤੋਂ ਇਸ ਮਕਸਦ ਲਈ ਉਚੇਚੀ ਪੁਸਤਕ ਲਿਖਵਾਈ ਗਈ ਸੀ : "ਸਿੱਖਾਂ ਦੇ ਰਾਜ ਦੀ ਵਿਥਿਆ" । ਮਹਾਰਾਣੀ ਜਿੰਦਾਂ ਨੂੰ ਉਹਨਾਂ ਨੇ ਨੀਵੇਂ ਆਚਰਨ ਵਾਲੀ ਸ਼ਰਾਰਤੀ ਔਰਤ ਕਹਿ ਕੇ ਬਦਨਾਮ ਕੀਤਾ ਸੀ । ਭਾਈ ਮਹਾਰਾਜ ਸਿੰਘ, ਜਿਸ ਨੂੰ ਉਹ ਈਸਟ ਇੰਡੀਆ ਕੰਪਨੀ ਦਾ ਸਭ ਤੋਂ ਖ਼ਤਰਨਾਕ ਜਾਨੀ ਦੁਸ਼ਮਣ ਸਮਝਦੇ ਸਨ, ਕਿੱਦਾਂ ਬਖ਼ਸ਼ ਸਕਦੇ ਸਨ ।

28 ਦਸੰਬਰ, 1849 ਨੂੰ ਭਾਈ ਮਹਾਰਾਜ ਸਿੰਘ ਨੂੰ ਆਦਮਪੁਰ ਦੁਆਬੇ ਤੋਂ 14 ਕੋਹ ਦੇ ਫ਼ਾਸਲੇ ਤੇ ਇਕ ਜੰਗਲ ਵਿਚੋਂ ਗ੍ਰਿਫ਼ਤਾਰ ਕੀਤਾ ਸੀ । ਪੈਰਾਂ ਦੀਆਂ ਬੇੜੀਆਂ ਸਮੇਤ ਸਿੰਘਾਪੁਰ ਪੁਚਾਇਆ ਗਿਆ ਸੀ । 6 ਸਾਲ ਸੰਗੀਨ ਇਖ਼ਲਾਕੀ ਮੁਜਰਮ ਵਾਂਗ ਅਜੇਹੀ ਕਾਲ ਕੋਠੜੀ ਵਿਚ ਰੱਖਿਆ ਗਿਆ ਜਿਸ ਵਿਚ ਨਾ ਹਵਾ ਤੇ ਨਾ ਰੌਸ਼ਨੀ ਦਾ ਠੀਕ ਪ੍ਰਬੰਧ ਸੀ । ਇਸ ਤੋਂ ਹਾਕਮਾਂ ਦੇ ਮਹਾਰਾਜ ਸਿੰਘ ਪ੍ਰਤੀ ਘ੍ਰਿਣਤ ਰਵੱਈਏ ਦਾ ਪ੍ਰਤੱਖ ਪਤਾ ਲੱਗਦਾ ਹੈ । ਉਸ ਦੇ ਅਸਰ ਰਸੂਖ਼ ਨੂੰ ਉਹ ਕਿਵੇਂ ਕਾਇਮ ਰਹਿਣ ਦੇ ਸਕਦੇ ਸਨ । ਲਾਰਡ ਡਲਹੌਜ਼ੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਖ਼ਾਲਸਾ ਸਪਿਰਿਟ ਨੂੰ

ਪੂਰੀ ਤਰ੍ਹਾਂ ਕੁਚਲੇ ਬਿਨਾਂ ਉਹਨਾਂ ਦੇ ਪੰਜਾਬ ਵਿਚ ਪੈਰ ਨਹੀਂ ਲੱਗ ਸਕਦੇ । ਇਸ ਤੋਂ ਬਿਨਾਂ 1849 ਵਿਚ ਪੰਜਾਬ ਉਤੇ ਸੰਪੂਰਨ ਕਬਜ਼ੇ ਪਿਛੋਂ ਉਹਨਾਂ ਨੇ ਹਿੰਦੂ, ਮੁਸਲਮਾਨ ਅਤੇ ਸਿੱਖਾਂ ਵਿਚ ਸੁਚੇਤ ਤੌਰ ਤੇ ਪਾੜਾ ਪਾਉਣਾ ਸ਼ੁਰੂ ਕੀਤਾ । ਲੋਕਾਂ ਦਾ ਇਕ ਦਮ ਧਿਆਨ ਬਦਲਣ ਲਈ ਕਈ ਕਦਮ ਪੁੱਟੇ ਗਏ । ਗਵਰਨਰ ਜਨਰਲ ਵਲੋਂ ਪੰਜਾਬ ਦੇ ਉੱਚ ਅਧਿਕਾਰੀਆਂ ਨੂੰ ਗੁਪਤ ਤੌਰ ਤੇ ਸਖ਼ਤ ਹਿਦਾਇਤ ਸੀ ਕਿ ਖ਼ਾਲਸਾ ਰਾਜ ਅਤੇ ਇਸ ਦੇ ਸਿਰਕਰਦਾ ਵਿਅਕਤੀਆਂ ਦੇ ਅਸਰ ਰਸੂਖ਼ ਨੂੰ ਹਰ ਹੀਲੇ ਖ਼ਤਮ ਕੀਤਾ ਜਾਵੇ ।

ਸੰਨ 1844 ਵਿਚ ਉੱਘੇ ਰੂਹਾਨੀ ਪੁਰਸ਼ ਬਾਬਾ ਬੀਰ ਸਿੰਘ ਦੀ ਸ਼ਹੀਦੀ ਪਿਛੋਂ ਜਦੋਂ ਭਾਈ ਮਹਾਰਾਜ ਸਿੰਘ ਨੌਰੰਗਾਬਾਦ ਦੇ ਡੇਰੇ ਦੇ ਆਗੂ ਬਣੇ ਸਨ, ਉਸ ਵਕਤ ਉਹ ਪੌੜ੍ਹ ਅਵਸਥਾ ਵਿਚ ਸਨ । ਉਹਨਾਂ ਦੀ ਉਮਰ 64 ਸਾਲ ਦੀ ਸੀ । ਉਹਨਾਂ ਦਾ ਜਨਮ ਰੱਬੋਂ ਉੱਚੀ ਜ਼ਿਲ੍ਹਾ ਲੁਧਿਆਣਾ ਵਿਚ ਸੰਨ 1780 ਨੂੰ ਹੋਇਆ ਸੀ । ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 1839 ਤੋਂ 1846 ਤਕ ਉਹਨਾਂ ਨੇ ਰਾਜ ਦਰਬਾਰ ਦਾ ਖ਼ੂਨ-ਖ਼ਰਾਬਾ ਡੂੰਘੀ ਤਰ੍ਹਾਂ ਮਹਿਸੂਸ ਕੀਤਾ ਹੋਵੇਗਾ । ਤਾਂ ਹੀ ਉਹਨਾਂ ਨੇ ਡੇਰੇ ਦੀ ਜੱਥੇਦਾਰੀ ਛੋਟੇ ਬੀਰ ਸਿੰਘ ਨੂੰ ਸੌਂਪ ਦਿੱਤੀ ਸੀ । 1846 ਵਿਚ ਭੈਰੋਵਾਲ ਦੀ ਹਾਰ ਪਿੱਛੋਂ ਉਹ ਖ਼ਾਲਸਾ ਰਾਜ ਨੂੰ ਬਚਾਉਣ ਲਈ ਸਿਆਸਤ ਵਿਚ ਕੁਦ ਪਏ ਸਨ । 28 ਦਸੰਬਰ 1849 ਨੂੰ ਫੜੇ ਜਾਣ ਸਮੇਂ ਤਕ ਉਹਨਾਂ ਨੇ ਪੰਜਾਬੀਆਂ ਨੂੰ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਵਿਦਰੋਹ ਲਈ ਤਿਆਰ ਕਰ ਲਿਆ ਸੀ । ਈਮਾਨਦਾਰ ਅੰਗਰੇਜ਼ ਇਤਿਹਾਸਕਾਰ ਆਰ-ਨੌਲਡ ਨੇ ਠੀਕ ਹੀ ਲਿਖਿਆ ਹੈ : "ਜੇਕਰ 28 ਦਸੰਬਰ ਨੂੰ ਮਹਾਰਾਜ ਸਿੰਘ ਨਾ ਫੜਿਆ ਜਾਂਦਾ ਤਾਂ ਪੰਜਾਬ ਸਾਡੇ ਹੱਥੋਂ ਨਿਕਲ ਜਾਣਾ ਸੀ ।" 5 ਜੁਲਾਈ 1856 ਨੂੰ ਸਿੰਘਾਪੁਰ ਦੀ ਜੇਲ੍ਹ ਵਿਚ ਸ਼ਹੀਦੀ ਪ੍ਰਾਪਤ ਕੀਤੀ । 10 ਮਈ 1857 ਨੂੰ, ਦਸ ਮਹੀਨਿਆਂ ਬਾਅਦ ਮੇਰਠ ਛਾਉਣੀ ਤੋਂ ਗ਼ਦਰ (ਅੰਗਰੇਜ਼ਾਂ ਅਨੁਸਾਰ **Mutiny of Sepoys**) ਸ਼ੁਰੂ ਹੋਇਆ ਸੀ । ਸਭ ਜਾਣਦੇ ਹਨ ਗ਼ਦਰ ਦੇ ਨਿਸਫਲ ਹੋਣ ਦਾ ਪ੍ਰਮੁਖ ਕਾਰਨ ਯੋਗ ਲੀਡਰ ਦੀ ਅਣਹੋਂਦ ਸੀ । ਜੇਕਰ ਉਸ ਵਕਤ ਭਾਈ ਮਹਾਰਾਜ ਸਿੰਘ ਵਰਗਾ ਸੂਝਵਾਨ ਕ੍ਰਾਂਤੀਕਾਰੀ ਨੀਤੀਵਾਨ ਜਿਊਂਦਾ ਹੁੰਦਾ ਤਾਂ ਭਾਰਤ ਦੇ ਇਤਿਹਾਸ ਦਾ ਨਕਸ਼ਾ ਅੱਜ ਹੋਰ ਹੋਣਾ ਸੀ ।

1857 ਦੇ ਗ਼ਦਰ ਬਾਰੇ ਕੁਝ ਸਿਆਸੀ ਪਰਚਾਰਵਾਦੀਆਂ ਨੇ ਕਈ ਭਰਮ ਭੁਲੇਖੇ ਪਾਏ ਹੋਏ ਸਨ, ਜੋ ਅੱਜ ਭਾਰਤੀ ਅਤੇ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਇਤਿਹਾਸਕਾਰਾਂ ਨੇ ਦੂਰ ਕਰ ਦਿੱਤੇ ਹਨ । ਉਹਨਾਂ ਨੇ ਗ਼ਦਰ ਨੂੰ ਭਾਰਤ ਦੀ ਆਜ਼ਾਦੀ ਦੀ ਪਹਿਲੀ ਜੰਗ ਕਿਹਾ ਸੀ । ਇਹ ਸਿੱਧ ਹੋ ਚੁੱਕਾ ਹੈ ਕਿ ਨਾ ਇਹ ਪਹਿਲੀ ਸੀ ਅਤੇ ਨਾ ਹੀ ਕੌਮੀ, ਅਰ-ਥਾਤ ਨਾ ਹੀ ਦੇਸ਼ ਨੂੰ ਸੁਚੇਤ ਤੌਰ ਤੇ ਸੁਤੰਤਰ ਕਰਵਾਣ ਦੇ ਆਸ਼ੇ ਨਾਲ ਲੜੀ ਗਈ ਸੀ । ਕੁਝ ਕੁ ਪੱਖਪਾਤੀ ਲੇਖਕਾਂ ਨੇ ਇਹ ਲਿਖਿਆ ਹੈ ਕਿ ਗ਼ਦਰ ਦੇ ਫੇਲ੍ਹ ਹੋਣ ਦਾ ਕਾਰਨ ਸਿੱਖਾਂ ਦਾ ਅੰਗਰੇਜ਼ਾਂ ਦਾ ਸਾਥ ਦੇਣਾ ਸੀ । ਪੰਜਾਬੀਆਂ ਸਿਰ ਧੋਖੇ ਤੇ ਗ਼ੱਦਾਰੀ ਦਾ ਧੱਬਾ ਇਤਿਹਾਸਕਾਰਾਂ ਨੇ ਗ਼ਲਤ ਸਿੱਧ ਕਰ ਦਿੱਤਾ ਹੈ । ਡਾ. ਗੰਡਾ ਸਿੰਘ ਅਤੇ ਪ੍ਰਸਿੱਧ ਇਤਿ-



ਹਾਸਕਾਰਾਂ ਨੇ ਦੱਸਿਆ ਹੈ ਕਿ ਮੇਰਠ ਛਾਉਣੀ ਤੋਂ ਗ਼ਦਰ ਮਚਾਣ ਵਾਲੇ ਬੰਗਾਲ ਆਰਮੀ ਦੇ ਪੂਰਬੀ ਸਿਪਾਹੀ ਸਨ । ਉਹਨਾਂ ਵਿਚ ਕੌਮੀ ਜਾਂ ਦੇਸ਼ ਪਿਆਰ ਦੀ ਭਾਵਨਾ ਕੰਮ ਨਹੀਂ ਸੀ ਕਰ ਰਹੀ । ਸਾਂਝੇ ਮਨੋਰਥ ਦੀ ਅਣਹੋਂਦ ਤੋਂ ਬਿਨਾਂ ਹਿੰਦੂ ਤੇ ਮੁਸਲਮਾਨ ਸਿਪਾਹੀਆਂ ਵਿਚ ਕੋਈ ਏਕਤਾ ਜਾਂ ਸੰਗਠਨ ਨਹੀਂ ਸੀ । ਪੂਰਬੀ ਫੌਜੀਆਂ ਵਿਚ ਇੰਨੀ ਇਖ਼ਲਾਕੀ ਦਲੇਰੀ ਹੀ ਨਹੀਂ ਸੀ ਕਿ ਉਹ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਤੋਂ ਮਦਦ ਮੰਗਦੇ । ਕੁਝ ਸਾਲ ਪਹਿਲਾਂ ਹੀ ਉਹਨਾਂ ਨੇ ਅੰਗਰੇਜ਼ਾਂ ਨਾਲ ਰਲ ਕੇ ਪੰਜਾਬ ਨੂੰ ਗ਼ੁਲਾਮ ਕਰਵਾਣ ਵਿਚ ਪੂਰੀ ਮਦਦ ਕੀਤੀ ਸੀ । ਫੇਰ ਗ਼ਦਰ ਮਚਾਣ ਵਾਲੇ ਫ਼ੌਜੀਆਂ ਨੇ ਬੁੱਢੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਤਖ਼ਤ ਉਤੇ ਬਿਠਾ ਦਿੱਤਾ ਸੀ । ਸਿੱਖਾਂ ਦਾ ਉਸ ਨਾਲ ਕੀ ਸਨੇਹ ਹੋ ਸਕਦਾ ਸੀ । ਉਹ ਤਾਂ ਪਿਛਲੇ ਡੇਢ ਸੌ ਸਾਲ ਤੋਂ ਮੁਗ਼ਲਾਂ ਦੇ ਜ਼ੋਰ ਜਬਰ ਵਿਰੁੱਧ ਲੜਦੇ ਆ ਰਹੇ ਸਨ । ਗ਼ਦਰ ਵਿਚ ਰਾਜਪੂਤਾਂ, ਮਰਹਟਿਆਂ, ਮਦਰਾਸੀਆਂ, ਗੜ੍ਹਵਾਲੀਆਂ, ਗੋਰਖਿਆਂ, ਡੋਗਰਿਆਂ, ਪੰਜਾਬ ਦੇ ਮੁਸਲਮਾਨਾਂ ਆਦਿ ਵਿਚੋਂ ਕਿਸੇ ਨੇ ਵੀ ਭਾਗ ਨਹੀਂ ਸੀ ਲਿਆ । ਫੇਰ ਪੰਜਾਬੀਆਂ ਸਿਰ ਇਹ ਦੋਸ਼ ਕਿਉਂ ਮੜ੍ਹਿਆ ਜਾਂਦਾ ਰਿਹਾ ਹੈ ।

ਬਾਵਜੂਦ ਅਜੇਹੀ ਸਥਿਤੀ ਦੇ ਭਾਈ ਮਹਾਰਾਜ ਸਿੰਘ ਨੇ ਪੰਜਾਬ ਦੇ ਆਮ ਲੋਕਾਂ ਵਿਚ ਅਜੇਹੀ ਰੂਹ ਫੂਕ ਦਿੱਤੀ ਸੀ ਕਿ ਉਹ ਆਪ-ਮੁਹਾਰੇ ਗ਼ਦਰ ਸਮੇਂ ਉਠ ਖੜ੍ਹੇ ਹੋਏ ਸਨ । ਭਾਈ ਨਾਹਰ ਸਿੰਘ ਦੀ ਤਾਜ਼ਾ ਖੋਜ ਅਨੁਸਾਰ ਭਾਈ ਮਹਾਰਾਜ ਸਿੰਘ ਵਲੋਂ ਤਿਆਰ ਕੀਤੇ ਰਾਹ ਅਤੇ ਰੂਹਾਨੀ ਸੰਦੇਸ਼ ਸਦਕਾ ਪੰਜਾਬ ਦੇ ਲੋਕਾਂ ਨੇ 1857 ਦੇ ਹਥਿ-ਆਰਬੰਦ ਵਿਦਰੋਹ ਵਿਚ ਭਰਪੂਰ ਹਿੱਸਾ ਪਾਇਆ । ਰਿਆਸਤਾਂ ਦੀਆਂ ਫ਼ੌਜਾਂ ਜ਼ਰੂਰ ਅੰਗਰੇਜ਼ਾਂ ਦੇ ਹੱਕ ਵਿਚ ਲੜੀਆਂ, ਪਰ ਉਹ ਚਿਰ ਕਾਲ ਤੋਂ ਕੰਪਨੀ ਦੀ ਹਕੂਮਤ ਦੇ ਅਧੀਨ ਸਨ । ਭਾਈ ਨਾਹਰ ਸਿੰਘ ਦੇ ਕਥਨ ਅਨੁਸਾਰ ਪੂਰੇ ਢਾਈ ਮਹੀਨੇ ਪੰਜਾਬ ਭਰ ਵਿਚ ਇੱਕੋ ਨਾਹਰਾ ਗੂੰਜਦਾ ਰਿਹਾ : "ਮਾਰੋ ਫ਼ਰੰਗੀ ਕੱਢੋ ਬਾਹਰ" (ਐਨ 1942 ਦੀ 'ਕੁਇਟ ਇੰਡੀਆ' ਲਹਿਰ ਵਾਂਗ ਜੋਸ਼-ਖਰੋਸ਼ ਸੀ) । ਅੰਮ੍ਰਿਤਸਰ ਵਿਚ ਬਹੁਤ ਸਾਰੇ ਸਿੱਖ ਸਿਪਾਹੀਆਂ ਨੂੰ ਅਤੇ ਇਕ ਬਰਗੇਡੀਅਰ ਨੂੰ ਫ਼ਾਂਸੀ ਦਿੱਤੀ ਗਈ ਸੀ । ਇਸੇ ਤਰ੍ਹਾਂ ਰਾਧਾ ਕ੍ਰਿਸ਼ਨ ਨਾਂ ਦੀ ਇਕ ਪ੍ਰਸਿੱਧ ਹਸਤੀ ਨੂੰ ਫਾਹੇ ਲਾਇਆ ਗਿਆ । ਬੇਦੀ ਬਿਕਰਮ ਸਿੰਘ ਅਤੇ ਅਟਾਰੀ ਵਾਲੇ ਸਰਦਾਰਾਂ ਉਤੇ ਕਰੜੀ ਨਿਗਰਾਨੀ ਰੱਖੀ ਗਈ । ਪੰਜਾਬ ਵਿਚ ਬਗ਼ਾ-ਵਤ ਨੂੰ ਦਬਾਉਣ ਦਾ ਖ਼ਰਚਾ ਪੂਰਾ ਕਰਨ ਲਈ ਕਰਜ਼ੇ ਦਾ ਐਲਾਨ ਜਾਰੀ ਕੀਤਾ ਗਿਆ । ਲਾਹੌਰ ਤੇ ਅੰਮ੍ਰਿਤਸਰ ਦੇ ਵਾਪਾਰੀਆਂ ਨੇ ਕਰਜ਼ਾ ਦੇਣ ਤੋਂ ਇਨਕਾਰ ਕੀਤਾ ਸੀ । ਲੁਧਿਆਣਾ ਵਿਚ ਦਿਨ ਭਰ ਦੀ ਤਲਾਸ਼ੀ ਪਿੱਛੋਂ ਹਥਿਆਰਾਂ ਦਾ ਇਕ ਭਰਿਆ ਗੱਡਾ ਫੜਿਆ ਗਿਆ ਸੀ । ਸਿਆਲਕੋਟ, ਫ਼ਿਰੋਜ਼ਪੁਰ, ਰੋਪੜ, ਕਾਂਗੜਾ ਅਤੇ ਨਾਭਾ ਵਿਚ ਬਗ਼ਾਵਤ ਨੂੰ ਦਬਾਉਣ ਲਈ ਸਖ਼ਤੀ ਕੀਤੀ ਗਈ ਸੀ । ਬਹੁਤੇ ਪਿੰਡਾਂ ਨੇ ਮਾਮਲੇ ਦੇਣ ਤੋਂ ਇਨਕਾਰ ਕੀਤਾ ਸੀ । ਕਈ ਪਿੰਡ ਫ਼ੌਜ ਵਿਚ ਭਰਤੀ ਦੇਣ ਤੋਂ ਨਾਬਰ ਹੋ ਗਏ ਸਨ । ਗੱਲ ਕੀ, ਭਾਈ ਮਹਾਰਾਜ ਸਿੰਘ ਵਰਗੇ ਸੂਝਵਾਨ ਆਗੂ ਦੀ ਅਗਵਾਈ ਤੋਂ

ਬਿਨਾਂ ਅੰਗਰੇਜ਼ਾਂ ਵਿਰੁੱਧ ਭੜਕੀ ਹੋਈ ਭਾਵਨਾ ਨੂੰ ਮੁਸ਼ਕਲ ਨਾਲ ਦਬਾਇਆ ਜਾ ਸਕਿਆ ਸੀ। ਗ਼ਦਰ ਦੌਰਾਨ ਜੌਨਪੁਰ ਅਤੇ ਬਨਾਰਸ ਦੀਆਂ ਸਿੱਖ ਰਜਮੈਂਟਾਂ ਬਾਗ਼ੀਆਂ ਨਾਲ ਰਲ ਗਈਆਂ ਸਨ। ਦਿੱਲੀ ਦੀ ਲੜਾਈ ਵਿਚ ਪਹਾੜੀ ਧੀਰਜ ਦੇ ਮੁਹਾਜ਼ ਤੇ ਸਿੱਖ ਅਤੇ ਪਠਾਣਾਂ ਨੇ ਮਿਲ ਕੇ ਅੰਗਰੇਜ਼ਾਂ ਲਈ ਲੜਨ ਤੋਂ ਇਨਕਾਰ ਕੀਤਾ ਸੀ। ਇਨ੍ਹਾਂ ਠੋਸ ਤੱਥਾਂ ਦੇ ਰੂਬਰੂ ਕੌਣ ਕਹਿ ਸਕਦਾ ਹੈ ਕਿ ਭਾਈ ਮਹਾਰਾਜ ਸਿੰਘ ਦਾ ਅਸਰ ਰਸੂਖ਼ ਪੰਜਾਬ ਵਿਚੋਂ ਅਲੋਪ ਹੋ ਗਿਆ ਸੀ। ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਮਹਾਨ ਇਨਕਲਾਬੀ ਭਾਈ ਮਹਾਰਾਜ ਸਿੰਘ ਭਾਰਤ ਦੇ ਮੁਢਲੇ ਦੌਰ ਦੇ ਸੁਤੰਤਰਤਾ ਸੰਗ-ਰਾਮੀਆਂ ਵਿਚੋਂ ਸਿਰਮੌਰ ਸਨ। ਦੇਸ਼ ਦੀ ਆਨ-ਸ਼ਾਨ ਖ਼ਾਤਰ ਮਰ ਮਿਟਣ ਵਾਲੇ ਮਹਾਨ ਸ਼ਹੀਦਾਂ ਵਿਚ ਉਹਨਾਂ ਦਾ ਉੱਚਾ ਅਤੇ ਸਤਿਕਾਰਯੋਗ ਸਥਾਨ ਹੈ।